e-Magazine



ਪਾਲਮਪੁਰ ਵਿਚ ਹੋਈ ਪਰਿਆਵਰਣ ਕਨਵੈਂਸ਼ਨ ਵਿਚ ਗੁਰੂਦੇਵ ਹਰਦੇਵ ਜੀ ਦਾ ਸੁਆਗਤ ਕਰਦੇ ਹੋਏ ਸਵੀਡਨ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਐਲਾ ਉਲਸਟੇਨ ਅਤੇ ਕਨਵੈਂਸ਼ਨ ਦੇ ਪ੍ਰਧਾਨ ਡਾ: ਮਾਧਵ ਮਹਿਰਾ

ਪ੍ਰਦੂਸ਼ਣਰਹਿਤ, ਬੈਟਰੀਚਾਲਿਤ ਕਾਰ 'ਰੇਵਾ' ਦਾ ਸ਼ੁਭਆਰੰਭ ਕਰਦੇ ਹੋਏ ਸਤਿਗੁਰੂ ਬਾਬਾ ਜੀ

ਕੰਸੂਆ ਖੁਰਦ (ਪੰਜਾਬ) ਵਿਚ ਬ੍ਰਹਮਲੀਨ ਕਵੀ ਦਰਬਾਰਾ ਸਿੰਘ ਜੀ ਦੇ ਪਰਿਵਾਰ ਨੂੰ ਅਸ਼ੀਰਵਾਦ ਦੇਂਦੇ ਹੋਏ ਗੁਰੂਦੇਵ ਹਰਦੇਵ ਜੀ

ਸੰਤ ਨਿਰੰਕਾਰੀ

ਜਿਲਦ 61 ਜੁਲਾਈ 2008 ਅੰਕ-7

ਸਵਾਈ

ਸੰਪਾਦਕੀ	ਸੁਖੇਖ 'ਸਾਥੀ'	2
ਸਤਿਗੁਰੂ ਪ੍ਰਵਚਨ	ਸਤਿਗੁਰੂ ਬਾਬਾ ਜੀ	17-24

ਲੇਖ

ਸਾਮਦ੍ਰਿਸਟੀ	ਨਰਿੰਦਰ ਕੌਰ	3
ਸਿਮਰਨ	ਜਰਨੈਲ ਸਿੰਘ	4
ਗਿਆਨ ਅਤੇ ਬ੍ਰਹਮਗਿਆਨ	ਰਮਨਜੀਤ ਕੌਰ	8
ਜਰੂਰਤ ਹੈ ਪਿਆਰ ਦੀ	ਹਰਬੰਸ ਸਿੰਘ	9
ਗਿਆਨ ਉਜਾਲਾ ਹੀ ਅਸਲ ਜਾਗ੍ਰਤੀ	ਅਰੁਣਾ ਪੁੰਨਾ	11
ਉਹ ਕਰੇ ਆਪ ਸਮਾਨ	ਰਾਮ ਮੂਰਤੀ 'ਭੱਟੀ'	13
ਉਪਰਿ ਸੱਚ ਵਿਚਾਰ	ਲਤਰੇਸ ਮਲਹੀ	15
ਗੁਰੂ ਬਿਨੁ ਗਤਿ ਨਹੀ	ਇਕਬਾਲ ਸਿੰਘ	25
ਪੜੂਆ ਲੰਗਰ	ਲਛਮਣ ਗੋਇਲ	39

ਵਿਸੇਸ

10ਵੀ ਪਰਿਆਵਰਣ ਕਨਵੈਂਸ਼ਨ ਦੀ ਰਿਪੋਰਟ	ਹਰਜੀਤ ਨਿਸ਼ਾਦ ਅਤੇ ਵਿਵੇਕ ਰਤੋਕ	29

ਸਤੰਭ/ਗੀਤ/ਕਵਿਤਾ

ਖੌਚਿਆਂ ਦਾ ਪੈਨਾ	ਪਵਨਦੀਪ ਮੋਦੀ	6
ਆਤਮ-ਮੰਥਨ		7
ਗਜ਼ਲ	ਪ੍ਰਮਜੀਤ 'ਕੰਵਲ'	16
ਗੀਤ - ਗੁਲਜ਼ਾਰ	ਰਾਮਕਟਾਰੀ, ਹਰਬੰਸ ਸਿੰਘ ਸੁਖਦੇਵ ਸਿੰਘ ਦੇਵ	27
ਇਤਿਹਾਸ ਦੇ ਝਰੋਖੇ ਚੋਂ	ਬੇਕਲ, ਪ੍ਰੀਤ, ਸ਼ੰਕਰ	28

ਸੂਚਨਾ ਸਮਾਚਾਰ

ਹਿਮਾਚਲ ਦਾ ਪ੍ਰਦੇਸ਼ਕ ਸਮਾਗਮ ਰਿਪੋਰਟ	33
ਸਤਿਗੁਰੂ ਬਾਬਾ ਜੀ ਦੀ ਕਲਿਆਣ-ਯਾਤਰਾ	34
ਮਾਤਾ ਅੰਮ੍ਰਿਤ ਕੌਰ ਜੀ ਬ੍ਰਹਮਲੀਨ	37
ਮਾਤਾ ਮਾਨ ਕੌਰ ਜੀ ਬ੍ਰਹਮਲੀਨ	38

ਸੰਪਾਦਕ (ਆਨਰੇਰੀ)
ਸੁਖੇਖ 'ਸਾਥੀ'
ਦਫ਼ਤਰ, ਪੜੂਆ ਵਿਹਾਰ
ਸੰਤ ਨਿਰੰਕਾਰੀ ਮੰਡਲ, ਦਿੱਲੀ-9
ਫੋਨ 011- 27605465-74/224,225
ਫੈਕਸ : 011- 27608215
ਵੰਬਸਾਇਟ http:www.nirankari.org
ਈ ਮੇਲ :patrika@nirankari.org
snm@nirankari.org

ਛਪਾਈ ਅਤੇ ਛਾਪਾ
ਹਰਦੇਵ ਪ੍ਰਿੰਟਰਜ਼,
ਸੰਤ ਨਿਰੰਕਾਰੀ ਕਲੋਨੀ, ਦਿੱਲੀ-9,
ਜਾਰ ਸੰਤ :
ਨਿਰੰਕਾਰੀ ਆਰਟ ਗਰੁੱਪ ਦਿੱਲੀ-9,
ਨਿਰੰਕਾਰੀ ਸਟੂਡੀਓ

ਸਾਲਾਨਾ ਚੰਦਾ
ਸਾਧਾਰਣ/ਪੇਂਡੂ : 45 ਰੁ
ਸੁਖਾਵਾਂਦਿਲ ਬੰਧਾ : 120 ਰੁ
ਏਸ਼ੀਆ/ਮਿਡਲ ਈਸਟ : 60 ਰੁ
ਸਿੰਗਲੀਕ : ਏਸ਼ੀਆ : ਰੁ 15
ਅਫਰੀਕਾ : $20 ਅਮਰੀਕਾ/ਆਸਟ੍ਰੇਲੀਆ : $25
ਵਿਦਿਆਰਥੀ ਲਈ (ਸਿਰਫ ਇੱਕ ਸਾਲ ਲਈ)
ਸਾਧਾਰਣ/ਪੇਂਡੂ : 40 ਰੁ
ਏਸ਼ੀਆ/ਮਿਡਲ ਈਸਟ : 800 ਰੁ
ਸਿੰਗਲੀਕ : ਏਸ਼ੀਆ : ਰੁ 200
ਅਫਰੀਕਾ : $225, ਅਮਰੀਕਾ : $280
ਇਕ ਕਾਪੀ : 7 ਰੁ

ਪਬਲਿਸਰ ਤੇ ਪ੍ਰਿੰਟਰ ਸੀ. ਐਲ. ਗੁਲਾਟੀ ਨੇ ਸੰਤ ਨਿਰੰਕਾਰੀ ਮੰਡਲ, ਦਿੱਲੀ ਵਲੋਂ ਹਰਦੇਵ ਪ੍ਰਿੰਟਰਜ਼, ਸੰਤ ਨਿਰੰਕਾਰੀ ਕਲੋਨੀ, ਦਿੱਲੀ-9, ਤੋਂ ਛਪਵਾ ਕੇ ਦਿੱਲੀ-9 ਤੋਂ ਪ੍ਰਕਾਸ਼ਤ ਕੀਤਾ।

ਨੋਟ : ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਹੱਸੀ – ਖੁਸ਼ੀ

ਮਨੁੱਖੀ ਜਨਮ ਬਹੁਤ ਅਮੋਲਕ ਜਨਮ ਹੈ। ਇਹ ਬੜੇ ਭਾਗਾ ਨਾਲ ਮਿਲਦਾ ਹੈ। ਕਿਹਾ ਜਾਂਦਾ ਹੈ ਕਿ ਚੌਰਾਸੀ ਲੱਖ ਜੂਨਾਂ ਭੋਗਣ ਤੋਂ ਬਾਦ ਕਿਤੇ ਇਹ ਜਨਮ ਮਿਲਦਾ ਹੈ।

ਐਨੇ ਭਾਗਾਂ ਨਾਲ ਅਤੇ ਐਨੇ ਲੰਮੇ ਸਮੇਂ ਬਾਦ ਮਿਲੇ ਇਸ ਜਨਮ ਬਾਰੇ ਕੋਈ ਇਹ ਵੀ ਨਹੀ ਜਾਣਦਾ ਕਿ ਇਹ ਜਨਮ ਉਸਨੂੰ ਕਿੰਨੇ ਸਮੇਂ ਲਈ ਮਿਲਿਆ ਹੈ। ਉਸਨੇ ਇਸ ਸਰੀਰ ਵਿੱਚ ਕਿੰਨਾ ਸਮਾਂ ਰਹਿਣਾ ਹੈ ! ਕੀ ਲੰਮੇਰੀ ਉਮਰ ਤਕ ਇਸ ਸਰੀਰ ਦਾ ਸਾਥ ਬਣਿਆ ਰਹਿਣਾ ਹੈ ਜਾਂ ਫਿਰ ਛੋਟੀ ਉਮਰੇ ਹੀ ਇਸਨੇ ਸਾਥ ਛੱਡ ਦੇਣਾ ਹੈ?

ਐਨੇ ਅਮੋਲਕ ਅਤੇ ਕੁਝ ਮਿਥੇ ਸਮੇਂ ਲਈ ਮਿਲੇ ਇਸ ਜਨਮ ਨੂੰ ਕੀ ਮਾਇਆ ਦੇ ਵਾ-ਵਰੋਲਿਆਂ ਵਿਚ ਪੈ ਕੇ ਦੁਖਾਂ ਅਤੇ ਪ੍ਰੇਸ਼ਾਨੀਆਂ ਦੇ ਜੰਗਲ ਵਿੱਚ ਭਟਕਦੇ ਹੋਏ ਰੋਂਦੇ-ਕੁਰਲਾਂਦੇ ਹੀ ਬਿਤਾ ਦੇਣਾ ਹੈ ਜਾਂ ਫਿਰ ਹੱਸਦੇ-ਖੇਡਦੇ, ਖੁਸ਼ੀਆਂ ਮਾਣਦੇ ਹੋਏ ਇਸ ਦਾ ਪੂਰਨ ਰੂਪ ਵਿਚ ਸੁਖ ਅਤੇ ਆਨੰਦ ਮਾਣਨਾ ਹੈ? ਇਸ ਸਵਾਲ ਦਾ, ਹਰ ਕਿਸੇ ਦਾ ਜਵਾਬ ਇਹੀ ਹੋਵੇਗਾ ਕਿ ਇਸ ਨੂੰ ਹੱਸਦੇ-ਖੇਡਦੇ, ਖੁਸ਼ੀ-ਖੁਸ਼ੀ ਬਤੀਤ ਕਰਨਾ ਚਾਹੀਦਾ ਹੈ। ਪਰ ਅਜੋਕੇ ਸੰਸਾਰ ਵਿੱਚ ਹਾਸਾ-ਖੇਡਾ ਹੈ ਕਿਥੇ, ਚਾਰੇ ਪਾਸੇ ਦੁੱਖਾ ਅਤੇ ਪ੍ਰੇਸ਼ਾਨੀਆਂ ਹੀ ਤਾਂ ਹਨ।

ਇਸ ਵਿੱਚ ਸ਼ੱਕ ਨਹੀ ਕਿ ਇਸ ਸੰਸਾਰ ਨੂੰ ਦੁੱਖਾਂ ਦਾ ਘਰ ਕਿਹਾ ਗਿਆ ਹੈ ਪਰ ਕਦੇ ਕਿਸੇ ਨੇ ਇਹ ਵਿਚਾਰਨ ਦਾ ਯਤਨ ਕੀਤਾ ਹੈ ਕਿ ਇਹ ਦੁੱਖਾਂ ਦਾ ਘਰ ਕਿਵੇਂ ਬਣਿਆ? ਦਰਅਸਲ ਇਸ ਦਾ ਕਾਰਣ ਖੁਦ ਇਨਸਾਨ ਹੀ ਹੈ। ਇਸਦੀ ਤੰਗ ਸੋਚ ਅਤੇ ਮਾੜੇ ਕਰਮਾਂ ਕਾਰਣ ਹੀ ਸੰਸਾਰ ਦਾ ਸਰੂਪ ਅਜਿਹਾ ਬਣਿਆ ਹੈ। ਇਕ ਦੂਜੇ ਪ੍ਰਤੀ ਵੈਰ, ਈਰਖਾ ਅਤੇ ਜਲਨ ਦੀ ਭਾਵਨਾ ਕਾਰਣ ਇਨਸਾਨ ਬਾਂਸਾਂ ਦੀ ਤਰ੍ਹਾਂ ਆਪੋ ਵਿੱਚ ਖਹਿੰਦੇ ਰਹਿੰਦੇ ਹਨ ਅਤੇ ਇਹਨਾਂ ਦੀ ਰਗੜ ਕਾਰਣ ਅਜਿਹੀ ਅੱਗ ਭੜਕਦੀ ਹੈ ਜੋ ਇਨਸਾਨ ਦੀਆਂ ਖੁਸ਼ੀਆ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

ਫੇਰ ਅਜਿਹੇ ਮਾਹੌਲ ਵਿੱਚ ਖੁਸ਼ੀ ਕਿਵੇਂ ਹਾਸਿਲ ਹੋ ਸਕਦੀ ਹੈ? ਇਸਦਾ ਉਪਾਅ ਹਮੇਸ਼ਾਂ ਸੰਤਾਂ-ਮਹਾਂਪੁਰਸ਼ਾਂ ਨੇ ਸਮਝਾਇਆ ਹੈ। ਕਬੀਰ ਜੀ ਅਨੁਸਾਰ :–

ਕਬੀਰ ਜਬ ਹਮ ਆਏ ਜਗਤ ਮੇਂ, ਜਗ ਹੰਸਾ ਹਮ ਰੋਇ।
ਐਸੀ ਕਰਨੀ ਕਰ ਚਲੋ ਤੁਮ ਹਸੋ ਜਗ ਰੋਇ।

ਐਸੀ ਕਰਨੀ ਕਿਹੜੀ ਹੈ ਜਿਸਨੂੰ ਕਰਨ ਨਾਲ ਇਹ ਅਵਸਥਾ ਬਣ ਸਕੇ ਕਿ 'ਤੁਮ ਹਸੋ' ਭਾਵ ਜੀਵਨ ਵਿੱਚ ਹੱਸੀ-ਖੁਸੀ ਆ ਸਕੇ। ਕਿਸੇ ਸਾਇਰ ਨੇ ਵੀ ਇਸ ਸਾਰੇ ਕਿਹਾ ਹੈ– **''ਯਾ ਤੋ ਦੀਵਾਨਾ ਹਸੇ ਯਾ ਤੂੰ ਜਿਸੇ ਤੌਫੀਕ ਦੇ ਵਰਨਾ ਇਸ ਦੁਨੀਆ ਮੇਂ ਰਹਿ ਕੇ ਮੁਸਕੁਰਾ ਸਕਤਾ ਹੈ ਕੌਨ''**

ਜੀਵਨ ਵਿਚ ਐਸੀ ਦੀਵਾਨਗੀ ਅਤੇ ਹੱਸੀ-ਖੁਸ਼ੀ ਦਾ ਸਾਧਨ ਕੇਵਲ-ਮਾਤਰ ਸਤਿਗੁਰੂ ਦੀ ਸਿਖਿਆ ਹੀ ਹੁੰਦੀ ਹੈ। ਇਸ ਲਈ ਹੀ ਤਾਂ ਕਿਹਾ ਗਿਆ ਹੈ–

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ।।

ਜਿਸ ਇਨਸਾਨ ਨੂੰ ਇਸ ਜਨਮ ਵਿਚ ਪੂਰਨ ਸਤਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸਨੂੰ ਅਜਿਹੀ ਜੁਗਤੀ ਪ੍ਰਾਪਤ ਹੋ ਜਾਂਦੀ ਹੈ ਜਿਸ ਨੂੰ ਅਪਨਾ ਕੇ ਇਨਸਾਨ ਇਸ ਜੀਵਨ ਨੂੰ ਹੱਸਦੇ-ਖੇਡਦੇ, ਖੁਸ਼ੀ-ਖੁਸ਼ੀ ਬਤੀਤ ਕਰ ਸਕਦਾ ਹੈ ਅਤੇ ਜੀਵਨ ਦੀ ਸਮਾਪਤੀ ਮਗਰੋਂ ਜਨਮ-ਜਨਮ ਦੇ ਚੱਕਰਾਂ ਤੋਂ ਵੀ ਮੁਕਤ ਹੋ ਜਾਂਦਾ ਹੈ। ਅਜਿਹੀ ਅਵਸਥਾ ਲਈ ਇਨਸਾਨ ਦਾ ਰਾਜਾ ਜਨਕ ਦੀ ਤਰ੍ਹਾਂ ਧਨਵਾਨ ਹੋਣਾ ਜਾਂ ਭਗਤ ਕਬੀਰ ਤੇ ਰਵੀਦਾਸ ਵਾਂਗ ਮਾਇਕੀ ਤੌਰ ਤੇ ਕਮਜ਼ੋਰ ਹੋਣਾ, ਕੋਈ ਮਾਇਨੇ ਨਹੀ ਰੱਖਦਾ। ਭਾਵ ਹਰ ਉਹ ਇਨਸਾਨ ਜਿਸਨੂੰ ਸਤਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਹੱਸੀ-ਖੁਸ਼ੀ ਹਾਸਿਲ ਕਰ ਲੈਂਦਾ ਹੈ ਕਿਉਂਕਿ ਪੂਰਨ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਦ ਉਹ ਸਾਰੇ ਕਾਰਣ ਸਮਾਪਤ ਹੋ ਜਾਂਦੇ ਹਨ ਜੋ ਇਸਨੂੰ ਦੁੱਖਾਂ ਅਤੇ ਪ੍ਰੇਸ਼ਾਨੀਆਂ ਦੇਣ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦੀ ਥਾਂ ਅਜਿਹੇ ਦੈਵੀ ਗੁਣ ਲੈ ਲੈਂਦੇ ਹਨ ਜੋ ਹਮੇਸ਼ਾਂ ਖੁਸ਼ੀ ਅਤੇ ਅਨੰਦ ਦੇਣ ਵਾਲੇ ਹੁੰਦੇ ਹਨ। ਭਾਵ ਵੈਰ, ਈਰਖਾ, ਨਫ਼ਰਤ, ਵਿਰੋਧ ਦੀ ਥਾਂ ਪ੍ਰੇਮ-ਪਿਆਰ, ਕਰੁਣਾ, ਪਰਉਪਕਾਰ ਅਤੇ ਆਪਸੀ ਸਾਂਝ ਦੀਆਂ ਭਾਵਨਾਵਾਂ ਜੀਵਨ ਵਿੱਚ ਆ ਜਾਂਦੀਆਂ ਹਨ ਜੋ ਸੁਖ ਅਤੇ ਖੁਸ਼ੀ ਦੇਣ ਦਾ ਸਾਧਨ ਬਣ ਜਾਂਦੀਆਂ ਹਨ। ਸੰਤਾਂ-ਮਹਾਂਪੁਰਸ਼ਾਂ ਦੇ ਦਰਸ਼ਨ ਵੀ ਜੀਵਨ ਵਿੱਚ ਖੁਸ਼ੀ ਦੇਣ ਦਾ ਕਾਰਣ ਬਣਦੇ ਹਨ। ਸੰ. ਅਵਤਾਰ ਬਾਣੀ ਅਨੁਸਾਰ –

ਗੁਰਸਿਖ ਨੂੰ ਜਦ ਗੁਰਸਿਖ ਮਿਲਦੈ ਵੇਖ ਕੇ ਚਾਅ ਚੜ੍ਹ ਜਾਂਦੇ ਨੇ

ਮਾਨਵੀ ਭਾਵਨਾਵਾਂ ਆ ਜਾਣ ਕਾਰਣ ਫੇਰ ਇੱਕ ਦੂਜੇ ਨੂੰ ਵੇਖ ਕੇ ਖੁਸ਼ੀ ਪ੍ਰਾਪਤ ਹੁੰਦੀ ਹੈ, ਦੂਜੇ ਨੂੰ ਅਗੇ ਵੱਧਦਾ ਵੇਖ ਕੇ ਸਕੂਨ ਮਿਲਦਾ ਹੈ। ਫਿਰ ਇਹ ਜੀਵਨ ਫੁੱਲਾਂ ਦੀ ਮਾਨਿੰਦ ਤ ਬਣ ਜਾਂਦਾ ਹੈ --

ਜੀਨਾ ਮਰਨਾ ਹੈ ਖੁਬ ਫੂਲੋਂ ਕਾ
ਹੀਸਤੇ ਆਤੇ ਹੈਂ ਹੀਸਤੇ ਜਾਤੇ ਹੈਂ।

– ਸੁਖੇਖ 'ਸਾਥੀ'
E-mail:ssathi_2007@yahoo.com

ਸਮਦ੍ਰਿਸ਼ਟੀ

• ਹਰਿੰਦਰ ਕੌਰ (ਖੰਨਾ)

ਅੱਜ ਹਰ ਇਨਸਾਨ ਦੇ ਮੂੰਹੋਂ ਆਮ ਸੁਣਨ ਨੂੰ ਮਿਲਦਾ ਹੈ ਕਿ ਪਰਮਾਤਮਾ ਇਕ ਹੈ। ਇਸਦੇ ਬਣਾਏ ਹੋਏ ਬੰਦੇ ਇਕ ਹਨ ਤਾਂ ਇਸ ਤਰ੍ਹਾਂ ਨਾਲ ਸਭ ਇਨਸਾਨਾਂ ਦਾ ਪਿਤਾ ਵੀ ਇਕ ਹੈ। ਫਿਰ ਵੀ ਇਕ ਦੂਜੇ ਵਿਚਕਾਰ ਫਰਕ ਕਿਉਂ ਹੈ? ਅਵਤਾਰ ਬਾਣੀ ਵਿਚ ਲਿਖਿਆ ਹੈ :-

ਇਕੋ ਨੂਰ ਹੈ ਸਭ ਦੇ ਅੰਦਰ
ਨਰ ਹੋ ਚਾਹੇ ਨਾਰੀ ਏ।
ਬ੍ਰਾਹਮਣ ਖਤਰੀ ਵੈਸ਼ ਹਰੀਜਨ
ਇਕ ਦੀ ਖਲਕਤ ਸਾਰੀ ਏ।

ਸੰਪੂਰਣ ਅਵਤਾਰ ਬਾਣੀ ਦੇ ਇਸ ਸ਼ਲੋਕ ਤੋਂ ਇਹ ਗੱਲ ਸਪਸ਼ਟ ਹੋ ਰਹੀ ਹੈ ਕਿ ਸਾਰੇ ਇਨਸਾਨ ਇਕ ਹੀ ਨੂਰ ਦੀ ਉਪਜ ਹਨ ਤੇ ਸਾਰੇ ਹੀ ਇਸ ਪ੍ਰਮਾਤਮਾ ਦੀ ਬਣਾਈ ਹੋਈ ਖਲਕਤ ਦਾ ਹਿੱਸਾ ਹਨ। ਪੀਰ-ਪੈਗੰਬਰਾਂ, ਸੰਤਾਂ-ਮਹਾਂਪੁਰਸ਼ਾਂ ਨੇ ਹੀ ਸੰਸਾਰ ਵਿਚ ਸਮਦ੍ਰਿਸ਼ਟੀ ਦੀ ਭਾਵਨਾ ਪੈਦਾ ਕੀਤੀ। ਸੰਤਾਂ ਮਹਾਂਪੁਰਸ਼ਾਂ ਨੇ ਸਭ ਨੂੰ ਇਕ ਹੀ ਨਜ਼ਰ ਨਾਲ ਦੇਖਿਆ ਅਤੇ ਇਹੀ ਗੱਲ ਸਮਝਾਈ ਕਿ ਨਿਰਾਕਾਰ ਨੇ ਸਾਰੇ ਇਨਸਾਨਾਂ ਨੂੰ ਪੰਜ ਤੱਤ ਲਾਏ ਹਨ ਕਿਸੇ ਨੂੰ ਛੇ ਜਾਂ ਚਾਰ ਨਹੀਂ ਪਰ ਫਿਰ ਵੀ ਸਾਡੇ ਮਨਾਂ ਵਿਚ ਇਕ ਭੇਦ ਜਾ ਫਰਕ ਜਿਹਾ ਆ ਜਾਂਦਾ ਹੈ। ਇਹ ਭੇਦ ਉਦੋਂ ਹੀ ਮਿਟਦਾ ਹੈ ਜਦੋਂ ਇਨਸਾਨ ਨੂੰ ਸੰਤਾਂ ਦਾ ਸੰਗ ਮਿਲਦਾ ਹੈ ਕਿਉਂਕਿ ਜਿਥੇ ਇਕ ਹੀ ਗੱਲ ਹੋ ਰਹੀ ਹੋਵੇ, ਕੋਈ ਊਚ-ਨੀਚ ਜਾਤ-ਪਾਤ ਦੀਆ ਦੀਵਾਰਾਂ ਨਾ ਹੋਣ ਉਥੇ ਹੀ ਸਮਦ੍ਰਿਸ਼ਟੀ ਵਾਲੀ ਭਾਵਨਾ ਪੈਦਾ ਹੁੰਦੀ ਹੈ। ਭਗਤਾਂ ਨੇ ਸਮਦ੍ਰਿਸ਼ਟੀ ਨੂੰ ਅਪਨਾ ਕੇ ਹੀ ਸਾਰੀਆਂ ਅਜਿਹੀਆਂ ਦੀਵਾਰਾਂ ਤੋੜੀਆਂ ਜਿਹੜੀਆਂ ਪਿਆਰ ਦੇ ਰਸਤੇ ਵਿਚ ਰੁਕਾਵਟ ਸਨ। ਕਿਉਂਕਿ ਭਗਤ ਹੀ ਜਾਣਦੇ ਹਨ ਕਿ ਜਦੋਂ ਤਕ ਭਿੰਨ-ਭੇਦ ਦੇ ਵਿਤਕਰੇ ਖਤਮ ਨਹੀਂ ਹੋਣਗੇ ਉਦੋਂ ਤਕ ਸਾਡੇ ਮਨਾਂ ਵਿਚ ਉਹ ਭਾਵਨਾ ਨਹੀਂ ਆਏਗੀ ਜਿਹੜੀ ਕਿ ਸਭ ਨੂੰ ਇਕ ਹੀ ਨਜ਼ਰ ਨਾਲ ਦੇਖਦੀ ਹੈ।

ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਭਗਵਾਨ ਰਾਮ ਸ਼ਬਰੀ ਦੀ ਕੁਟੀਆ ਵਲ ਜਾ ਰਹੇ ਸਨ ਤਾਂ ਬਹੁਤ ਸਾਰੇ ਲੋਕਾਂ ਨੇ ਉਹਨਾਂ ਨੂੰ ਰੋਕਿਆ ਅਤੇ ਕਿਹਾ ਕਿ ਉਹ ਇਕ ਨੀਵੀਂ ਜਾਤੀ ਦੀ ਇਸਤਰੀ ਹੈ ਪਰ ਭਗਵਾਨ ਰਾਮ ਉਸਦੀ ਕੁਟੀਆ ਵਿਚ ਗਏ ਤੇ ਸ਼ਬਰੀ ਦੇ ਪਿਆਰ ਨੂੰ ਸਵੀਕਾਰ ਕੀਤਾ। ਭਗਵਾਨ ਅਤੇ ਭਗਤਾਂ ਦੀਆਂ ਨਜ਼ਰਾਂ ਵਿਚ ਸਾਰੇ ਇਨਸਾਨ ਹੀ ਇਕੋ ਜਿਹੇ ਹਨ। ਉਹਨਾਂ ਦੀਆ ਨਜ਼ਰਾ ਵਿਚ ਕੋਈ ਉਚੋਂ ਜਾ ਨੀਵਾ ਨਹੀਂ ਹੁੰਦਾ। ਉਹ ਤਾਂ ਇਹੀ ਮੰਨ ਕੇ ਚਲਦੇ ਹਨ:-

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ।

(ਆਦਿ ਗ੍ਰੰਥ ਪੰਨਾ ਨੰ:1349)

ਸੰਸਾਰ ਵਿਚ ਅਗਰ ਇਹ ਭੇਦ ਖਤਮ ਹੋ ਜਾਣ ਅਤੇ ਸਾਰਿਆਂ ਦੇ ਮਨਾਂ ਵਿਚ ਸਮਦ੍ਰਿਸ਼ਟੀ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਆਉਣ ਵਾਲੀਆਂ ਨਸਲਾਂ ਵੀ ਸਹਿਜ ਅਵਸਥਾ ਦਾ ਆਨੰਦ ਮਾਣ ਸਕਣਗੀਆਂ। ਹੁਣ ਸਵਾਲ ਇਹ ਹੈ ਕਿ ਸਭ ਕੁਝ ਹੋਵੇਗਾ ਕਿਵੇਂ? ਇਸਦਾ ਇਕੋ ਇਕ ਹੱਲ ਹੈ ਕਿ ਪੂਰਨ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਅਜਿਹੀ ਨਜ਼ਰ ਮੰਗੀਏ ਜਿਸ ਨਾਲ ਅਸੀ ਸਾਰਿਆ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖ ਸਕੀਏ।

ਅਕਸਰ ਵੇਖਿਆ ਗਿਆ ਹੈ ਕਿ ਤੰਗਦਿਲੀ ਦੀ ਭਾਵਨਾ ਹਸਦੇ ਵਸਦੇ ਘਰਾਂ ਦਾ ਰੂਪ ਵਿਗਾੜ ਦਿੰਦੀ ਹੈ ਪਰ ਇਨਸਾਨ ਦੀ ਤੰਗ ਸੋਚ ਆਪਣਾ ਸਨਮਾਨ ਵਧਾਉਣ ਲਈ ਦੂਜੇ ਦੀ ਹੋਂਦ ਨੂੰ ਮਿਟਾਉਣ ਲਈ ਹੀ ਕੰਮ ਕਰਦੀ ਨਜ਼ਰ ਆਉਂਦੀ ਹੈ ਜੋ ਸਮਾਜ ਵਿਚ ਟਕਰਾਅ ਦਾ ਕਾਰਨ ਬਣਦੀ ਜਾਂਦੀ ਹੈ। ਮਹਾਤਮਾ ਮਹਾਂਪੁਰਸ਼ ਸਮਝਾਉਂਦੇ ਹਨ ਕਿ ਜਦ ਤਕ ਅਸੀ ਆਪਣੀ ਨਜ਼ਰ ਨੂੰ ਸਮਦ੍ਰਿਸ਼ਟੀ ਵਾਲੀ ਨਹੀਂ ਬਣਾਉਂਦੇ ਉਦੋਂ ਤਕ

(ਬਾਕੀ ਪੰਨਾ 5 ਤੇ)

ਸਿਮਰਨ

• ਜਰਨੈਲ ਸਿੰਘ (ਨਾਭਾ)

ਸੰਸਾਰ ਤੋਂ ਅਸੀਂ ਸੁੱਖਾਂ ਦੀ ਉਮੀਦ ਕਰਦੇ ਹਾਂ ਅਸੀਂ ਸਾਰੇ ਜਾਣਦੇ ਹਾਂ ਕਿ ਸੰਸਾਰ ਦੇ ਸਾਧਨਾਂ ਰੋਂ ਸਾਨੂੰ ਸੁਖ ਪ੍ਰਾਪਤ ਨਹੀ ਹੁੰਦਾ। ਸੱਚਾ ਸੁੱਖ ਤਾਂ ਰੱਬੀ ਅਨੰਦ ਹੀ ਹੁੰਦਾ ਹੈ। ਸੰਤਾਂ ਮਹਾਂਪੁਰਸ਼ਾਂ ਦਾ ਇਹੀ ਕਹਿਣਾ ਹੈ ਕਿ ਆਨੰਦ ਦੀ ਅਵਸਥਾ ਜਿਸਨੂੰ ਪ੍ਰਾਪਤ ਹੋ ਜਾਂਦੀ ਹੈ ਉਹ ਹੀ ਸੱਚਾ ਸੁੱਖ ਪ੍ਰਾਪਤ ਕਰਦਾ ਹੈ। ਨਾਮ ਧਨ ਸਾਡੇ ਹਿੱਸੇ ਆ ਜਾਵੇਗਾ ਤਾਂ ਸਾਡਾ ਮਨ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ ਤਾਂ ਮਨ ਨੂੰ ਸ਼ਾਂਤੀ ਅਤੇ ਅਨੰਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਪ੍ਰਮਾਤਮਾ ਦੇ ਅਹਿਸਾਸ ਲਈ ਕੋਈ ਸਮਾਂ ਜਗ੍ਹਾ ਜਾਂ ਹਾਲਾਤ ਜ਼ਰੂਰੀ ਨਹੀ। ਇਹ ਤਾਂ ਕੰਮਕਾਜ ਕਰਦੇ ਹੋਏ, ਉਠਦੇ-ਬੈਠਦੇ ਪ੍ਰਭੂ ਦਾ ਅਹਿਸਾਸ ਹੈ। ਸਿਮਰਨ ਦੀ ਭਾਵਨਾ, ਇਹ ਨਹੀ ਕਿ ਅਸੀ ਚਲਦੇ ਫਿਰਦੇ ਜ਼ੁਬਾਨ ਤੇ ਜ਼ੋਰ-ਜ਼ੋਰ ਨਾਲ ਬੋਲ ਰਹੇ ਹਾਂ। ਏਹ ਕੋਈ ਪ੍ਰਭੂ ਦਾ ਸਿਮਰਨ ਨਹੀ ਹੈ। ਜਿਵੇਂ ਮਹਾਂਪੁਰਸ਼ਾਂ ਨੇ ਕਿਹਾ ਵੀ ਹੈ ਜਿਸ ਤਰਫ ਨਿਗਾਹ, ਤਵੱਜੋ ਉਧਰ ਨਹੀ। ਜੇ ਮਨ ਵਿਚ ਅਹਿਸਾਸ ਨਹੀ ਹੈ ਤਾਂ ਫੇਰ ਇਸ ਤਰ੍ਹਾਂ ਹੋ ਸਕਦਾ ਹੈ ਜਿਵੇਂ ਸੜਕ ਦੇ ਕਿਨਾਰੇ ਤੇ ਬੈਠਾ ਹੋਇਆ ਭਿਖਾਰੀ ਹੁੰਦਾ ਹੈ। ਉਹ ਵੀ ਜ਼ਬਨ ਰਾਹੀ ਪ੍ਰਭੂ, ਅੱਲਾ, ਵਾਹਿਗੁਰੂ, ਰਾਮ ਦਾ ਨਾਂ ਲੈ ਰਿਹਾ ਹੁੰਦਾ ਹੈ ਫੇਰ ਵੇਖਦਾ ਹੈ ਕਿ ਕੋਈ ਆਪਣੀ ਜੇਬ ਵਿਚ ਹੱਥ ਪਾ ਰਿਹਾ ਹੈ ਕਿ ਨਹੀ, ਕੋਈ ਅਪਣੀ ਜੇਬ ਵਿਚੋਂ ਪੈਸੇ ਕੱਢ ਰਿਹਾ ਹੈ ਕਿ ਨਹੀ ? ਮੈਨੂੰ ਦੇ ਰਿਹਾ ਹੈ ਕਿ ਨਹੀ? ਸਿੱਕੇ ਮੇਰੇ ਬਾਟੇ ਵਿਚ ਪਾ ਰਿਹਾ ਹੈ ਕਿ ਨਹੀਂ; ਉਸਦਾ ਸਾਰਾ ਦਿਲੋਂ-ਦਿਮਾਗ ਉਸ ਪਾਸੇ ਲੱਗਾ ਹੋਇਆ ਹੈ ਲੇਕਿਨ ਜ਼ਬਾਨੋਂ ਅੱਲਾ, ਰਾਮ ਦਾ ਨਾਂ ਲੈ ਰਿਹਾ ਹੈ। ਹਰੀ ਦਾ ਭਜਨ, ਮਤਲਬ ਇਸ ਮਨ ਨੂੰ ਹਰੀ ਦਾ ਅਹਿਸਾਸ ਹੈ। ਇਸਦੇ ਅਹਿਸਾਸ ਨਾਲ ਮਨ ਨੂੰ ਅਨੰਦ ਮਿਲਦਾ ਹੈ ਕਿਉਂਕਿ ਮਨ ਨਿਰਮਲ ਹੋ ਜਾਂਦਾ ਹੈ। ਇਹ ਪ੍ਰਮਾਤਮਾ ਅਚਲ ਹੈ। ਜਦ ਅਜਿਹੀ ਪਰਮਸੱਤਾ ਦਾ ਮਨ ਨੂੰ ਅਹਿਸਾਸ ਹੋ ਜਾਂਦਾ ਹੈ, ਤਾਂ ਮਨ ਨੂੰ ਵੀ ਠਹਿਰਾਉ ਮਿਲ ਜਾਂਦਾ ਹੈ। ਏਸੇ ਲਈ ਸੰਤ-ਮਹਾਂਪੁਰਸ਼ ਇਸ ਮਾਲਕ ਦੇ ਨਾਲ ਮਨ ਦਾ ਨਾਤਾ ਜੋੜਨ ਦੀ ਪ੍ਰੇਰਨਾ ਦੇਂਦੇ ਹਨ। ਜਿਵੇਂ ਬਾਬਾ ਅਵਤਾਰ ਸਿੰਘ ਜੀ ਪ੍ਰੇਰਨਾ ਦੇ ਰਹੇ ਹਨ :—

ਤੂੰਹੀ ਤੂੰਹੀ ਨਿਰੰਕਾਰ ਕਰੋ ਤੇ
ਪਲ ਪਲ ਇਸਨੂੰ ਯਾਦ ਕਰੋ।
ਇਸ ਅੰਮ੍ਰਿਤ ਨੂੰ ਰਜ ਰਜ ਪੀਉ
ਤਨ ਸੋਧਾ ਦਿਲ ਸ਼ਾਦ ਕਰੋ।

(ਸੰ. ਅ. ਬ. ਸ਼. ਨੰ:98)

ਭਾਵ ਇਹ ਹੀ ਹੈ ਕਿ ਸੰਸਾਰ ਨੂੰ ਵਿਸ਼ (ਜ਼ਹਿਰ) ਮੰਨਿਆ ਜਾਂਦਾ ਹੈ। ਅਸੀ ਜ਼ਹਿਰ ਤਾਂ ਰਜ-ਰਜ ਪੀਂਦੇ ਹਾਂ ਲੇਕਿਨ ਇਸ ਅੰਮ੍ਰਿਤ ਨੂੰ (ਨਾਮ-ਸਿਮਰਨ) ਨੂੰ ਨਹੀ ਪੀਂਦੇ। ਸੰਸਾਰ ਵਿਚ ਇਹੀ ਤਾਂ ਹੋ ਰਹਾ ਹੈ। ਵਰਨਾ ਕਬੀਰ ਜੀ ਨੂੰ ਇਹ ਕਹਿਣ ਦੀ ਕੀ ਜ਼ਰੂਰਤ ਸੀ ਕਿ :—

ਸਾਚੇ ਕਾ ਕੋਈ ਗ੍ਰਾਹਕ ਨਾਹੀ,
ਝੂਠੇ ਜਗਤ ਪਤੀਜੇ ਜੀਓ।

ਭਾਵ ਸੱਚ ਦਾ ਕੋਈ ਗ੍ਰਾਹਕ ਨਹੀ ਹੈ। ਝੂਠ ਦੇ ਪਿਛੇ ਲੱਗੇ ਹੋਏ ਹਨ। ਝੂਠੀ ਮਾਇਆ ਵਿਚ ਸੁੱਖਾਂ ਦਾ

ਅਨੰਦ ਭਾਲ ਰਹੇ ਹਨ। ਪਰ ਜੋ ਪ੍ਰਮਾਤਮਾ ਨੂੰ ਸਤਿਗੁਰੂ ਕੋਲੋਂ ਜਾਣਕੇ ਇਸਦਾ ਅਹਿਸਾਸ ਕਰਦਾ ਹੈ ਉਸਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਜੇਕਰ ਦਿਨ ਦਾ ਜ਼ਿਕਰ ਕਰਦੇ ਹਾਂ ਤਾਂ ਰਾਤ ਦਾ ਵੀ ਸਾਨੂੰ ਸ਼ਬਦ ਸੁਣਾਈ ਦੇ ਜਾਂਦਾ ਹੈ। ਕੁਝ ਪ੍ਰਾਪਤੀ ਦਾ ਸ਼ਬਦ ਸੁਣਿਆ ਜਾਂਦਾ ਹੈ ਤਾ ਕੁਝ ਖੋਹ ਜਾਣ ਦਾ ਜ਼ਿਕਰ ਵੀ ਸੁਣਾਈ ਦੇਂਦਾ ਹੈ। ਇਹ ਅਜਿਹੇ ਸ਼ਬਦ ਬਣੇ ਹੋਏ ਹਨ। ਲੇਕਿਨ ਅਨੰਦ ਦਾ ਕੋਈ ਵਿਪਰੀਤ ਸ਼ਬਦ ਨਹੀਂ ਬਣਿਆ ਹੈ। ਇਸ ਲਈ ਅਨੰਦ ਦੀ ਅਵਾਥਾ ਸਭ ਚੀਜ਼ਾਂ ਤੋਂ ਉਪਰ ਹੈ। ਜੇਕਰ ਅਸੀ ਕਹੀਏ ਕਿ ਸੰਸਾਰਕ ਪਦਾਰਥ ਨਹੀ ਹਨ ਤਾਂ ਕਿਥੇ ਅਨੰਦ ਕਿਥੇ ਸੁੱਖ ? ਜੇਕਰ ਇਹੀ ਸੁਖ ਅਨੰਦ ਦਾ ਮਾਪਦੰਡ ਹੁੰਦਾ ਤਾਂ ਕਬੀਰ ਜੀ ਵੀ ਝੌਪੜੀ ਵਿਚ ਰਹਿਣ ਵਾਲੇ ਹਨ। ਉਹ ਰਾਜਾ ਜਨਕ ਦੀ ਤਰ੍ਹਾਂ ਮਹਿਲ ਵਿਚ ਤਾਂ ਨਹੀ ਰਹੇ। ਫੇਰ ਤਾ ਕਬੀਰ ਜੀ ਅਤੇ ਅਨੇਕਾ ਅਜਿਹੇ ਭਗਤ ਜੋ ਝੌਪੜੀਆਂ ਵਿਚ ਰਹੇ,ਉਹ ਸੁੱਖੀ ਨਾ ਹੁੰਦੇ ਹਾਲਾਂਕਿ ਉਹਨਾਂ ਕੋਲ ਉਹ ਪਦਾਰਥ ਨਹੀ ਸਨ। ਲੇਕਿਨ ਉਹਨਾਂ ਦੀ ਰਾਸ਼ਨ ਕਹਿ ਰਹੀ ਹੈ ਕਿ ਓਹੋ ਅਨੰਦ ਪ੍ਰਾਪਤ ਕਰ ਲਿਆ ਹੈ। ਇਸ ਦਾ ਮਤਲਬ ਹੈ ਕਿ ਸੰਸਾਰਕ ਲਿਹਾਜ ਨਾਲ ਭਾਵੇਂ ਕਝ ਕਮੀਆਂ ਰਹੀਆਂ ਲੇਕਿਨ ਫੇਰ ਵੀ ਉਹਨਾਂ ਦੀ ਅਨੰਦ ਦੀ ਅਵਸਥਾ ਬਣੀ ਰਹੀ।

ਜਦੋਂ ਸੰਸਾਰ ਤੋਂ ਨਿਆਰੇ ਪ੍ਰਭੂ ਦੇ ਨਾਲ ਮਨ ਦਾ ਨਾਤਾ ਜੋੜ ਲਿਆ ਭਾਵ ਪ੍ਰਭੂ ਦਾ ਸਿਮਰਨ (ਅਹਿਸਾਸ) ਕਰਕੇ ਆਪਣੇ ਮਨ ਦੀ ਅਜਿਹੀ ਅਵਸਥਾ ਬਣਾ ਰੱਖੀ ਹੈ ਜੋ ਅਨੰਦਬਾਇਕ ਨਿਆਰੇਪਨ ਵਾਲੀ ਬਣ ਗਈ, ਜੇ ਇਸ ਪ੍ਰਭੂ ਪ੍ਰਮਾਤਮਾ ਨੂੰ ਜੀਵਨ ਦਾ ਆਧਾਰ ਬਣਾ ਕੇ ਇਸ ਜੀਵਨ ਦੀ ਯਾਤਰਾ ਨੂੰ ਤੈਅ ਕਰਾਂਗੇ ਤਾਂ ਕਕਈ ਨੀ ਉਹ ਗੱਲ ਸਿੱਧ ਹੋਵੇਗੀ। ਕੇਵਲ ਉਨਦੇ-ਚੈਨਦੇ ਇਸ ਦਾ ਧਿਆਨ ਕਰਦੇ ਸੁੱਖ ਦਾ ਅਨਦ ਦਾ ਅਹਿਸਾਸ ਹੁੰਦਾ ਹੈ। ਜੇ ਮਾਲਕ ਦਾ ਹਰ ਵੇਲੇ ਅਹਿਸਾਸ ਹੈ ਤਾਂ ਆਉਣ ਵਾਲਾ ਸ਼ਬਦ ਦਿਲ ਨੂੰ ਦੁਖਾਉਣ ਵਾਲਾ ਨਹੀ ਹੋਵੇਗਾ। ਸ਼ਬਦ ਜੋ ਹੋਵੇਗਾ, ਉਹ ਤਸੱਲੀ ਪ੍ਰੇਰਣਾ ਅਤੇ ਖੁਸ਼ੀ ਦੇਣ ਵਾਲਾ ਹੋਵੇਗਾ। ਇਸ ਮਾਲਕ ਦੀ ਯਾਦ ਆਈ ਤਾਂ ਉਸ ਸਮੇਂ ਹੱਥ ਨੇ ਜੋ ਕੰਮ ਕੀਤਾ ਉਹ ਡੁੱਬਦੇ ਹੋਏ ਨੂੰ ਤਾਰਨ ਦਾ ਕੰਮ ਕੀਤਾ। ਡਿੱਗੇ ਹੋਏ ਨੂੰ ਉਠਾਉਣ ਦਾ ਕੰਮ ਕੀਤਾ। ਹੱਥ ਸੇਵਾ 'ਚ ਲੱਗੇ।

ਇਸ ਤਰ੍ਹਾਂ ਗਰਸਿੱਖ ਇਸ ਅਨੰਦ ਦੇ ਸਰੋਤ ਨਾਲ ਨਾਤਾ ਜੋੜ ਕੇ ਰੱਖਦੇ ਹਨ। ਇਸਦਾ ਪਲ-ਪਲ ਅਹਿਸਾਸ ਰੱਖਦੇ ਹਨ ਤਾਂ ਕਿ ਮਨ ਵੀ ਨਿਰਮਲ ਹੋ ਜਾਵੇ। ਜਦੋਂ ਮਨ ਨਿਰਮਲ ਹੋ ਗਿਆ ਤਾਂ ਜੀਵਨ ਵੀ ਨਿਰਮਲ ਹੋ ਜਾਂਦਾ ਹੈ। ਇਸਦੇ ਅਹਿਸਾਸ ਸਿਮਰਨ ਨਾਲ ਪਵਿੱਤਰਤਾ ਹੀ ਪਵਿੱਤਰਤਾ ਬਣ ਜਾਂਦੀ ਹੈ। ਪਾਵਨਤਾ ਹੀ ਪਾਵਨਤਾ ਹੈ। ਫੇਰ ਖਾਣ-ਪੀਣਾ, ਪਹਿਨਣਾ ਸਭ ਪਵਿੱਤਰ ਹੈ। ਫੇਰ ਤਾਂ ਗੁਰਸਿੱਖ ਦੇ ਸਵਾਸ ਵੀ ਪਵਿੱਤਰ ਮੰਨੇ ਗਏ ਹਨ। ਕਿਤੇ ਹਲ ਕੇ ਜਾਣਾ ਵੀ ਪਵਿੱਤਰ ਹੈ ਕਿਉਂਕਿ ਇਸ ਨਿਰਾਕਾਰ ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਮਨ ਪਵਿੱਤਰ ਬਣ ਗਿਆ ਹੈ। ਭਗਤਾ ਨੇ ਹਮੇਸ਼ਾਂ ਇਹੀ ਸਤਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਹੇ ਪ੍ਰਭੂ ਤੂੰ ਕ੍ਰਿਪਾ ਕਰ, ਸਾਰੇ ਸੰਸਾਰ ਨੂੰ ਇਹ ਭਗਤੀ ਰੰਗ ਚੜ੍ਹ ਜਾਵੇ। ■

(ਪੰਨਾ 3 ਦੀ ਬਾਕੀ)

ਅਜਿਹੇ ਵਾਤਾਵਰਣ ਵਿਚ ਬਦਲਾਵ ਆਉਣਾ ਸੰਭਵ ਨਹੀ। ਇਹ ਸਮਦ੍ਰਿਸ਼ਟੀ ਤਾਂ ਵਿਸ਼ਾਲ ਸੰਤਾਂ ਨਾਲ ਮਿਲ ਕੇ ਹੀ ਬਣ ਸਕਦੀ ਹੈ। ਵਿਸ਼ਾਲ ਗੱਤਾ ਹੈ ਪਰਮਪਿਤਾ, ਪ੍ਰਮਾਤਮ, ਨਿਰੰਕਾਰ ਜਿਸਦੀ ਕੋਈ ਸੀਮਾ ਨਹੀ; ਜੋ ਸਮੱਚੇ ਬ੍ਰਹਿਮੰਡ ਵਿਚ ਸਮਾਈ ਹੋਈ ਹੈ। ਇਸ ਲਈ ਜੇਕਰ ਅਸੀ ਚਾਹੁੰਦੇ ਹਾਂ ਕਿ ਸੰਸਾਰ ਦਾ ਵਾਤਾਵਰਣ ਸੁਖਾਵਾਂ ਬਣੇ ਤਾਂ ਆਪਣੀ ਤੰਗ ਸੋਚ ਦਾ ਤਿਆਗ ਕਰਕੇ ਸਰਵ ਹਿੱਤ ਦੀ ਭਾਵਨਾ ਨੂੰ ਅਪਨਾਉਣਾ ਪਏਗਾ। ਇਸ ਲਈ ਲੋੜ ਹੈ ਪੂਰਨ ਪੈਗੰਬਰ ਦੀ ਸ਼ਰਨ ਪ੍ਰਾਪਤ ਕਰਨ ਦੀ ਤਾਂ ਕਿ ਤੰਗਦਿਲੀ ਵਾਲੀ ਸੋਚ ਨੂੰ ਸਮਦ੍ਰਿਸ਼ਟੀ ਅਤੇ ਵਿਸ਼ਾਲਤਾ ਪ੍ਰਾਪਤ ਹੋ ਸਕੇ।

ਅੱਜ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਸੰਸਾਰ ਦੇ ਇਨਸਾਨਾਂ ਨੂੰ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਰਹੇ ਹਨ ਤਾਂ ਕਿ ਹਰੇਕ ਇਨਸਾਨ ਦੀ ਸੋਚ ਸਮਦ੍ਰਿਸ਼ਟੀ ਵਾਲੀ ਬਣ ਜਾਵੇ ਤੇ ਇਹ ਸੰਸਾਰ ਇਕ ਮਹਿਕਦਾ ਹੋਇਆ ਗੁਲਦਸਤਾ ਬਣ ਜਾਵੇ। ਜਿਵੇਂ ਕਿ ਅਵਤਾਰ ਬਾਣੀ ਵਿਚ ਲਿਖਿਆ ਹੈ:-

ਸਬਰ ਸ਼ਾਂਤੀ ਤੇ ਸਮਦ੍ਰਿਸ਼ਟੀ
ਸੰਤਜਨਾਂ ਦਾ ਗਹਿਣਾ ਏ।
ਸੰਤਜਨਾਂ ਦਾ ਵੱਡਾ ਜੇਵਰ
ਭਾਣੇ ਅੰਦਰ ਰਹਿਣਾ ਏ। ■

ਬੱਚਿਆਂ ਦਾ ਪੰਨਾ

''ਜੈਸੀ ਸੰਗਤ ਵੈਸੀ ਰੰਗਤ''

• ਪਵਨਦੀਪ ਮੋਦੀ

'ਜੈਸੀ ਸੰਗਤ ਵੈਸੀ ਰੰਗਤ' ਇਹ ਇਕ ਕਹਾਵਤ ਹੈ। ਇਹ ਬਿਲਕੁਲ ਠੀਕ ਹੈ ਕਿ ਕੋਈ ਜਿਸ ਤਰ੍ਹਾਂ ਦੀ ਵੀ ਸੰਗਤ ਕਰਦਾ ਹੈ ਉਸ ਉਪਰ ਉਸ ਤਰ੍ਹਾਂ ਦੀ ਹੀ ਰੰਗਤ ਆ ਜਾਂਦੀ ਹੈ। ਜਿਵੇਂ ਅਗਰ ਕੋਈ ਵਿਅਕਤੀ ਕਿਸੇ ਸ਼ਰਾਬੀ ਦੀ ਸੰਗਤ ਕਰਦਾ ਹੈ ਤਾਂ ਹੌਲੀ-ਹੌਲੀ ਉਹ ਵੀ ਸ਼ਰਾਬੀ ਬਣ ਜਾਂਦਾ ਹੈ। ਅਗਰ ਕੋਈ ਜੁਆਰੀ ਦੀ ਸੰਗਤ ਕਰਦਾ ਹੈ ਤਾਂ ਉਹ ਵੀ ਜੁਆਰੀ ਬਣ ਜਾਂਦਾ ਹੈ। ਇਸੇ ਤਰ੍ਹਾਂ ਅਸੀ ਵੇਖਦੇ ਹਾਂ ਕਿ ਅਗਰ ਦੁੱਧ ਵਿਚ ਪਾਣੀ ਮਿਲਾ ਦਿੱਤਾ ਜਾਏ ਤਾਂ ਪਾਣੀ ਵੀ ਦੁੱਧ ਦੇ ਹੀ ਭਾਅ ਵਿਕਦਾ ਹੈ। ਠੀਕ ਇਸੇ ਪ੍ਰਕਾਰ ਅਗਰ ਕੋਈ ਇਨਸਾਨ ਕਿਸੇ ਸਾਧੂ ਦਾ ਸੰਗ ਕਰ ਲੈਂਦਾ ਹੈ, ਕਿਸੇ ਸੰਤ ਮਹਾਤਮਾ ਦੀ ਸੰਗਤ ਕਰ ਲੈਂਦਾ ਹੈ ਤਾਂ ਉਹ ਵੀ ਸੰਤ ਬਣ ਜਾਂਦਾ ਹੈ।

ਕਦੇ-ਕਦੇ ਮਹਾਂਪੁਰਸ਼ਾਂ ਵਿਚ ਹੀ ਇਹ ਸੁਣਨ ਨੂੰ ਮਿਲਦਾ ਹੈ ਕਿ ਹਰ ਰੋਜ਼ ਸਤਿਸੰਗ ਕਰਨ ਦਾ ਕੀ ਫਾਇਦਾ ਹੈ। ਕੋਈ ਇਨਸਾਨ ਭਗਤ ਕਬੀਰ ਜੀ ਕੋਲ ਗਿਆ ਤੇ ਆਖਣ ਲੱਗਾ। ਭਗਤ ਜੀ ਰੋਜ਼ਾਨਾ ਸਤਿਸੰਗ ਵਿਚ ਜਾਣ ਦਾ ਕੀ ਫਾਇਦਾ ਹੈ। ਭਗਤ ਕਬੀਰ ਜੀ ਦੇ ਨੇੜੇ ਹੀ ਜ਼ਮੀਨ ਵਿਚ ਇੱਕ ਖਿੱਲਾ ਗੱਡਿਆ ਹੋਇਆ ਸੀ। ਭਗਤ ਜੀ ਨੇ ਹਥੌੜੇ ਨਾਲ ਉਸ ਉਪਰ ਇੱਕ ਸੱਟ ਮਾਰੀ ਅਤੇ ਉਸ ਇਨਸਾਨ ਨੂੰ ਅਗਲੇ ਦਿਨ ਆਉਣ ਲਈ ਕਿਹਾ। ਅਗਲੇ ਦਿਨ ਉਹ ਇਨਸਾਨ ਫਿਰ ਭਗਤ ਕਬੀਰ ਜੀ ਦੇ ਕੋਲ ਗਿਆ ਤੇ ਫਿਰ ਉਹੀ ਸਵਾਲ ਕੀਤਾ। ਭਗਤ ਜੀ ਨੇ ਉਸ ਖਿੱਲੇ ਤੇ ਇੱਕ ਸੱਟ ਹੋਰ ਮਾਰੀ ਅਤੇ ਅਗਲੇ ਦਿਨ ਫਿਰ ਆਉਣ ਨੂੰ ਕਿਹਾ। 5-6 ਦਿਨ ਇਸੇ ਤਰ੍ਹਾਂ ਹੁੰਦਾ ਰਿਹਾ। ਇੱਕ ਦਿਨ ਫਿਰ ਜਦੋਂ ਉਹ ਇਨਸਾਨ ਭਗਤ ਕਬੀਰ ਜੀ ਦੇ ਕੋਲ ਗਿਆ। ਭਗਤ ਕਬੀਰ ਜੀ ਨਾਲ ਉਹ ਕਾਫੀ ਨਰਾਜ਼ ਸੀ। ਆਖਣ ਲੱਗਾ ਕਿੰਨੇ ਹੀ ਦਿਨਾਂ ਤੋਂ ਮੈਂ ਹਰ ਰੋਜ਼ ਆਪ ਜੀ ਦੇ ਕੋਲ ਆਉਂਦਾ ਹਾਂ। ਹਰ ਰੋਜ਼ ਹੀ ਮੈਂ ਆਪ ਜੀ ਨੂੰ ਇਹੀ ਸਵਾਲ ਪੁਛਦਾ ਆ ਰਿਹਾ ਹਾਂ ਕਿ ਰੋਜ਼ਾਨਾ ਸਤਿਸੰਗ ਕਰਨ ਦਾ ਕੀ ਫਾਇਦਾ ਹੈ। ਪ੍ਰੰਤੂ ਆਪ ਮੈਨੂੰ ਇਸ ਬਾਰੇ ਸਮਝਾਉਣ ਦੀ ਬਜਾਏ ਹਰ ਰੋਜ਼ ਹੀ ਟਾਲ ਦਿੰਦੇ ਹੋ ਤਾਂ ਭਗਤ ਕਬੀਰ ਜੀ ਨੇ ਫਰਮਾਇਆ ਮੈਂ ਤੈਨੂੰ ਟਾਲਦਾ ਨਹੀਂ ਸੀ। ਪਹਿਲੇ ਦਿਨ ਤੋਂ ਹੀ ਜਦੋਂ ਤੂੰ ਮੇਰੇ ਕੋਲ ਆਉਂਦਾ ਸੀ, ਮੈਂ ਇਸ ਖਿੱਲੇ ਤੇ ਇੱਕ ਸੱਟ ਮਾਰ ਦਿੰਦਾ ਸੀ। ਪਹਿਲੇ ਦਿਨ ਤੋਂ ਲੈ ਕੇ ਅੱਜ ਤੱਕ ਤੈਨੂੰ ਇਸ ਖਿੱਲੇ ਵਿਚ ਕੀ ਫਰਕ ਨਜ਼ਰ ਆਉਂਦਾ ਹੈ ਤਾਂ ਉਹ ਇਨਸਾਨ ਆਖਣ ਲੱਗਾ ਕਿ ਭਗਤ ਜੀ ਜਦੋਂ ਮੈਂ ਪਹਿਲੇ ਦਿਨ ਤੁਹਾਡੇ ਕੋਲ ਆਇਆ ਸੀ ਤਾਂ ਇਸ ਖਿੱਲੇ ਦੀ ਹਾਲਤ ਉਸ ਵੇਲੇ ਕੁਝ ਅਜਿਹੀ ਸੀ ਕਿ ਇਸ ਖਿੱਲੇ ਨੂੰ ਕੋਈ ਵੀ ਆਸਾਨੀ ਨਾਲ ਉਖਾੜ ਸਕਦਾ ਸੀ। ਪਰ ਅੱਜ ਇਹ ਖਿੱਲਾ ਜ਼ਮੀਨ ਵਿਚ ਐਨੀ ਮਜ਼ਬੂਤੀ ਨਾਲ ਧੱਸ ਚੁੱਕਾ ਹੈ ਇਸਨੂੰ ਕੋਈ ਵੀ ਆਸਾਨੀ ਨਾਲ ਉਖਾੜ ਨਹੀਂ ਸਕਦਾ। ਭਗਤ ਜੀ ਫਰਮਾਉਣ ਲੱਗੇ, "ਠੀਕ ਇਸੇ ਤਰ੍ਹਾਂ ਜਦੋਂ ਅਸੀ ਹਰ ਰੋਜ਼ ਸਤਿਸੰਗ ਕਰਦੇ ਹਾਂ ਸਾਨੂੰ ਸੰਤਾਂ-ਮਹਾਂਪੁਰਸ਼ਾਂ ਦੇ ਪ੍ਰੇਰਣਾਦਾਇਕ ਪ੍ਰਵਚਨ ਸੁਣਨ ਨੂੰ ਮਿਲਦੇ ਹਨ। ਜਦੋਂ ਅਸੀ ਇਹਨਾਂ ਪ੍ਰਵਚਨਾਂ ਨੂੰ ਆਪਣੇ ਜੀਵਨ ਵਿਚ ਢਾਲਦੇ ਹਾਂ, ਸਾਡਾ ਵਿਸ਼ਵਾਸ਼ ਇਸ ਪਰਮਪਿਤਾ ਪ੍ਰਮਾਤਮਾ ਤੇ ਪੱਕਾ ਹੁੰਦਾ ਚਲਾ ਜਾਂਦਾ ਹੈ ਅਤੇ ਜਦੋਂ ਸਾਡਾ ਵਿਸ਼ਵਾਸ਼ ਇਸ ਦਾਤਾਰ ਪ੍ਰਭੂ ਤੇ ਪੱਕਾ ਹੋ ਜਾਂਦਾ ਹੈ ਤਾਂ ਸਹੀ ਮਾਇਨਿਆਂ ਵਿਚ ਅਸੀ ਸੁਖੀ ਹੋ ਜਾਂਦੇ ਹਾਂ।

ਸਤਿਸੰਗ ਇੱਕ ਸ਼ੀਸ਼ੇ ਦੀ ਤਰ੍ਹਾਂ ਹੁੰਦਾ ਹੈ ਜਿਵੇਂ ਅਸੀ ਘਰ ਵਿਚ ਸ਼ੀਸ਼ਾ ਵੇਖ ਕੇ ਆਪਣਾ ਆਪ ਸੰਵਾਰਦੇ ਹਾਂ। ਠੀਕ, ਇਸੇ ਤਰ੍ਹਾਂ ਜਦੋਂ ਅਸੀ ਸਤਿਸੰਗ ਵਿਚ ਆ ਜਾਂਦੇ ਹਾਂ ਤਾਂ ਅਸੀ ਇਸ ਸ਼ੀਸ਼ੇ ਰੂਪੀ ਸਤਿਸੰਗ ਵੱਲ ਵੇਖ ਕੇ ਆਪਣੇ ਔਗੁਣਾਂ ਨੂੰ ਦੂਰ ਕਰਕੇ ਗੁਣਾਂ ਨਾਲ ਭਰਪੂਰ ਹੋ ਸਕਦੇ ਹਾਂ। ■

ਆਤਮ-ਮੰਥਨ

ਅਪਨਾ ਗਿਆਨ ਵਧਾਓ

ਸਮਾਜਿਕ, ਇਤਿਹਾਸਕ, ਸਾਹਿਤਕ

1.'ਮਸਤ ਮਲੰਗ' ਨਾਮਕ ਪ੍ਰੋਗਰਾਮ ਸੰਤ ਨਿਰੰਕਾਰੀ ਮਿਸਨ ਵਲੋਂ ਕਿਸ ਸੰਚਾਰ ਮਾਧਿਅਮ ਨਾਲ ਪ੍ਰਸਾਰਿਤ ਹੁੰਦਾ ਹੈ ?

ਕ. ਜੀ ਟੀ.ਵੀ. ਨਾਲ ਖ. ਇੰਟਰਨੈਟ ਰੇਡੀਉ 'ਵਾਇਸ ਡਿਵਾਇਨ' ਨਾਲ ਗ. ਸੰਤ ਨਿਰੰਕਾਰੀ ਪਤ੍ਰਿਕਾ ਨਾਲ ਘ. ਆਸਥਾ ਚੈਨਲ ਨਾਲ

2.'ਸੰਤ' ਨਾਮਕ ਪੁਸਤਕ ਕਿਸ ਸੰਤ-ਸਾਹਿਤਕਾਰ ਨੇ ਲਿਖੀ ਸੀ?

ਕ. 'ਨਿਰਮਲ' ਜੋਸ਼ੀ ਜੀ ਖ. ਪੂਰਣ ਪ੍ਰਕਾਸ਼ 'ਸਾਕੀ' ਗ. ਗਿਆਨ ਸਿੰਘ 'ਮਹਿਰਮ' ਘ. ਬਲਵੰਤ ਸਿੰਘ ਕਮਲਾ

3. ਸੁਜਾਨਪੁਰ ਟਿਹਰਾ ਵਿਚ ਆਯੋਜਿਤ ਹਿ. ਪ੍ਰ. ਦੇ ਰਾਜ ਪੱਧਰ ਦੇ ਸੰਤ ਸਮਾਗਮ ਦਾ ਆਯੋਜਨ ਇਸ ਵਾਰ ਕਿੰਨੇ ਸਾਲ ਦੇ ਅੰਤਰਾਲ ਨਾਲ ਹੋਇਆ?

ਕ. 4 ਖ 3 ਗ. 2 ਘ.5 ਸਾਲ

4. ਬਾਬਾ ਹਰਦੇਵ ਸਿੰਘ ਜੀ ਅਤੇ ਪੂਜਯ ਮਾਤਾ ਸਵਿੰਦਰ ਜੀ ਦੀ ਨਵਜੰਮੀ ਦੋਹਤੀ (ਸਯੁੰਕਤੀ - ਸਮਤਾ ਜੀ ਅਤੇ ਸੰਦੀਪ ਖਿੰਡਾ ਜੀ) ਦਾ ਨਾਮ ਸਾਮ੍ਰੀਤੀ ਰੱਖਿਆ ਗਿਆ ਹੈ। ਇਸ ਬਾਲਿਕਾ ਦਾ ਜਨਮ ਕਿਥੇ ਹੋਇਆ ਹੈ ?

ਕ. ਦਿੱਲੀ ਵਿਚ ਖ. ਬਰਮਿੰਘਮ (ਇੰਗਲੈਂਡ) ਵਿਚ ਗ. ਗੁੜਗਾਉਂ ਵਿਚ ਘ. ਮੁੰਬਈ ਵਿਚ

5. ਸੰਤ ਨਿਰੰਕਾਰੀ ਮਿਸਨ ਦੇ ਪੁਰਾਤਨ ਪ੍ਰਚਾਰਕ ਮਹਾਤਮਾ ਲਾਲ ਚੰਦ ਜੀ, ਜਿਨਾਂ ਨੂੰ 'ਲਾਲੋਂ' ਜੀ ਕਿਹਾ ਜਾਂਦਾ ਸੀ, ਦਾ ਸਬੰਧ ਹੇਠ ਲਿਖਿਆਂ ਵਿਚੋਂ ਕਿਹੜੇ ਸਥਾਨ ਨਾਲ ਹੈ?

ਕ.ਕੋਹਲਾਪੁਰ ਖ.ਬੁਰਹਾਨਪੁਰ
ਗ. ਪੋਲਾਪੁਰ ਘ. ਸ੍ਰੀਰਾਮਪੁਰ

6. ਤੁਲਜਸ ਰਾਏ ਜੀ 'ਸਾਧੋਰ' ਦਾ ਸਬੰਧ ਸਾਹਿਤ ਦੀ ਕਿਹੜੀ ਵਿਧਾ ਨਾਲ ਸੀ?

ਕ. ਗਧ. ਖ. ਕਾਵਿ ਗ. ਰਿਪੋਰਤਾਜ ਘ. ਵਿਅੰਗਕਾਰ

7. ਸੰਤ ਨਿਰੰਕਾਰੀ ਮੰਡਲ ਵਿਚ ਸ੍ਰੀ ਪੀ. ਐਚ. ਚੀਮਾ ਨੂੰ ਕਿਹੜੀ ਸੇਵਾ ਸੌਂਪੀ ਗਈ ਹੈ?

ਕ. ਪ੍ਰਕਾਸ਼ਨ ਵਿਭਾਗ ਖ. ਸੁਰੱਖਿਆ ਅਤੇ ਸਮਾਜ ਕਲਿਆਣ ਵਿਭਾਗ ਗ. ਵਿਤ ਅਤੇ ਲੇਖਾ ਜੋਖਾ ਵਿਭਾਗ ਘ. ਰਿਸੇਪਸ਼ਨ

ਧਾਰਮਿਕ/ ਅਧਿਆਤਮਿਕ

8. ਸ੍ਰੀ ਰਾਮਕ੍ਰਿਸ਼ਨ ਪਰਮਹੰਸ ਦੇ ਗੁਰੂ ਤੋਤਾਪੁਰੀ ਜੀ ਦਾ ਸਬੰਧ ਸਾਧੂਆਂ ਦੇ ਕਿਹੜੇ ਸਮੂਹ ਨਾਲ ਸੀ?

ਕ. ਨਾਗਾ ਖ. ਅਦਵੈਤਮਾਰਗੀ
ਗ. ਅਵਧੂਤ ਘ. ਅਘੋਰੀ

9. ਸ੍ਰੀ ਰਾਮਕ੍ਰਿਸ਼ਨ ਦੀ ਧਰਮਪਤਨੀ ਦਾ ਨਾਮ ਕੀ ਸੀ?

ਕ. ਦਮਯੰਤੀ ਖ. ਗਾਇਤਰੀ
ਗ. ਸ਼ਾਰਦਾ ਘ. ਸਰਸਵਤੀ।

10.'ਹੇ ਰਾਮ ਜੀ ! ਮੇਰੂ ਦੇ ਸ਼ਿਖਰ ਤੋਂ ਲੈ ਕੇ, ਹੇਠਾਂ ਤਕ ਗੰਗਾ ਦਾ ਪ੍ਰਵਾਹ ਚਲੇ ਤਾਂ ਉਸਦੇ ਰੇਤ ਦੇ ਕਣ ਚਾਹੇ ਗਿਣੇ ਜਾ ਸਕਣ ਪ੍ਰੰਤੂ ਸੰਸਾਰਿਕ ਵਿਸ਼ੇ- ਵਾਸਨਾ ਵਿਚ ਲੱਗੇ ਜੀਵਾਂ ਦੇ ਸਰੀਰਾਂ ਦੀ ਗਿਣਤੀ ਨਹੀਂ ਗਿਣੀ ਜਾ ਸਕਦੀ।' ਇਹ ਵਚਨ ਕਿਸ ਮਹਾਤਮਾ ਦਾ ਹੈ ?

ਕ. ਵਿਸ਼ਵਾਮਿਤਰ ਜੀ ਖ. ਵਸ਼ਿਸ਼ਠ ਜੀ
ਗ. ਮਾਤਾ ਕੌਸ਼ੱਲਿਆ ਜੀ ਘ. ਸੁਮੰਤਰ ਜੀ

11. ਜ਼ਕਾਤ ਦਾ ਸਬੰਧ ਕਿਸ ਧਰਮ ਨਾਲ ਹੈ?

ਕ. ਇਸਲਾਮ ਨਾਲ ਖ. ਈਸਾਈਅਤ ਨਾਲ
ਗ. ਯਹੂਦੀ ਧਰਮ ਨਾਲ ਘ. ਪਾਰਸੀ ਧਰਮ ਨਾਲ

12. ਹੇਠ ਲਿਖਿਆਂ ਵਿਚੋਂ ਕਿਸ ਸਥਾਨ ਦਾ ਸਬੰਧ ਸੀਤਾ ਜੀ ਦੀ ਅਗਨੀ ਪ੍ਰੀਖਿਆ ਨਾਲ ਹੈ ?

ਕ. ਲੰਕਾ ਖ. ਅਯੋਧਿਆ
ਗ. ਰਾਮੇਸ਼ਵਰਮ ਘ. ਮਿਥਿਲਾ

13. ਸ੍ਰੀ ਗੁਰੂਨਾਨਕ ਦੇਵ ਜੀ ਦਾ ਅਰੰਭਿਕ ਹੁਰਸਿਖ ਮਰਦਾਨਾ, ਰਬਾਬ ਵਜਾ ਕੇ ਭੀਖ ਮੰਗਦਾ ਸੀ। ਗੁਰੂਜੀ ਨੇ ਉਸ ਨੂੰ ਕਿਸ ਕਾਰਜ ਲਈ ਪ੍ਰੇਰਿਤ ਕੀਤਾ ਸੀ?

ਕ. ਮਿਹਨਤ ਮਜ਼ਦੂਰੀ ਕਰਨ ਲਈ ਖ. ਪ੍ਰਭੂਉਨਤਿ ਕਰੇ, ਪਾਲਣ-ਪੋਸਣ ਦੀ ਚਿੰਤਾ ਰੂਹਨਾਂ (ਗੁਰੂ ਜੀ) ਤੇ ਛੱਡ ਦਾਏ
ਗ. ਦੁਕਾਨਦਾਰੀ ਕਰਨ ਲਈ ਘ. ਕਲਾ ਸਕੂਲ ਚਲਾਉਣ ਲਈ

ਨੈਤਿਕ/ਵਿਚਾਰਕ

14. ਸਤਸੰਗ ਵਿਚ ਮਿਲਣ ਵਾਲਾ ਪ੍ਰਸਾਦ ਕਿੰਨੀ ਮਾਤਰਾ ਵਿਚ ਲੈਣਾ ਚਾਹੀਦਾ ਹੈ?

ਕ. ਪਰਿਵਾਰ ਦਾ ਧਿਆਨ ਰੱਖ ਕੇ
ਖ. ਖੁਦ ਦੇ ਪੇਟ ਭਰਨ ਦਾ ਧਿਆਨ ਰੱਖ ਕੇ
ਗ. ਜਿਨਾ ਜਿਆਦਾ ਪ੍ਰਸਾਦ, ਓਨੀ ਜ਼ਿਆਦਾ ਪ੍ਰਭੂ ਕਿਰਪਾ
ਘ. ਸਹਿਜ ਭਾਵ ਨਾਲ ਜੋ ਮਿਲੇ ਉਹੀ ਕਾਫੀ ਹੈ।

15. ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ ਦੇ ਨਾਲ ਕਿਸ ਪ੍ਰਕਾਰ ਦਾ ਵਿਵਹਾਰ ਉਚਿਤ ਹੈ?

ਕ. ਘ੍ਰਿਣਾ ਦਾ ਖ. ਤਿਆਗ ਦਾ ਗ. ਸਮਰਪਣ ਦਾ
ਘ. ਆਤਮਨਿਯੰਤਰਣ ਅਤੇ ਸੰਯਮ ਦਾ

(ਸਹੀ ਜਵਾਬ ਕਿਸੇ ਹੋਰ ਪੰਨੇ ਤੇ ਦਿੱਤੇ ਗਏ ਹਨ)

ਗਿਆਨ ਅਤੇ ਬ੍ਰਹਮਗਿਆਨ

• ਰਮਨਜੀਤ ਕੌਰ 'ਮੌੜ'(ਸੰਗਰੂਰ)

ਜਿੰਨਾਂ ਚਿਰ ਅਸੀਂ ਆਪਣੇ ਗਿਆਨ ਨੂੰ ਕਰਮ ਰੂਪ ਵਿਚ ਨਹੀਂ ਢਾਲ ਸਕਦੇ ਓਨੀ ਦੇਰ ਸਾਡਾ ਗਿਆਨ ਲਿਆ ਵਿਅਰਥ ਹੈ। ਅਗਰ ਅਸੀਂ ਗਿਆਨ ਦੇ ਅਮੋਲਕ ਹੀਰੇ ਦੀ ਕਦਰ ਨਹੀ ਜਾਣੀ ਅਤੇ ਹਾਲਾਂ ਤਕ ਮਨ ਦੀ ਮੂਹਖਤਾ ਸੁਭਾਅ ਤੇ ਹਾਵੀ ਹੈ ਤਾਂ ਸਮਝੋ ਅਸੀਂ ਬ੍ਰਹਮਗਿਆਨੀ ਨਹੀਂ ਹੋਏ।

ਗਿਆਨ ਲੈਣ ਤੋਂ ਬਾਦ ਵਿਅਕਤੀ ਵਿਚ ਇਕ ਦਮ ਬਦਲਾਵ ਆ ਜਾਂਦਾ ਹੈ। ਗਿਆਨ ਕੋਈ ਡਿਗਰੀਆਂ ਦਾ ਨਾਮ ਨਹੀ, ਇਹ ਤਾਂ ਸਤਿਗੁਰੂ ਦੇ ਵਿਰਾਟ ਰੂਪ ਦੀ ਜਾਣਕਾਰੀ ਹੈ। ਗਿਆਨ ਤੇ ਬ੍ਰਹਮ ਗਿਆਨ ਵਿਚ ਕਾਫੀ ਅੰਤਰ ਹੈ। ਧਾਰਮਿਕ ਸ਼ਾਸ਼ਤਰਾਂ,ਆਲੇ-ਦੁਆਲੇ ਦੀ ਜਾਣਕਾਰੀ ਜਾਂ ਫਿਰ ਕਿਸੇ ਵਿਸ਼ੇਸ਼ ਵਿਸ਼ੇ ਬਾਰੇ ਜਾਣਕਾਰੀ ਰੱਖਣੀ ਗਿਆਨ ਕਹਾਉਂਦਾ ਹੈ। ਇਹ ਗਿਆਨ ਜਾਂ ਜਾਣਕਾਰੀ ਇਕੱਠੀ ਕਰਨਾ ਤਾਂ ਵਿਦਵਾਨਾਂ ਦਾ ਕੰਮ ਹੈ, ਲੇਕਿਨ ਬ੍ਰਹਮ ਦਾ ਗਿਆਨ ਸੂਖਸ਼ਮ ਹੈ। ਇਸਨੂੰ ਦਿਲ ਵਿਚ ਵਸਾ ਲੈਣਾ ਬੜਾ ਹੀ ਕਠਿਨ ਕੰਮ ਹੈ। ਜਿਹੜਾ ਗਿਆਨ ਰਿਸ਼ੀਆਂ-ਮੁਨੀਆਂ ਨੂੰ ਹਜ਼ਾਰਾਂ ਸਾਲ ਤਪ ਕਰਨ ਤੇ ਵੀ ਨਹੀ ਮਿਲਿਆ, ਸਾਨੂੰ ਇਹ ਸਿਰਫ ਸਿਰ ਝੁਕਾਉਣ ਤੇ ਹੀ ਸਤਿਗੁਰੂ ਦੀ ਅਪਾਰ ਕਿਰਪਾ ਨਾਲ ਹੋ ਗਿਆ ਹੈ।

ਜਿਨ੍ਹਾਂ ਨੂੰ ਬ੍ਰਹਮ ਗਿਆਨ ਦੀ ਸਮਝ ਨਹੀ ਉਨ੍ਹਾਂ ਦਾ ਕਰਮ ਕਾਂਡਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਚੰਗੇ ਮਾੜੇ ਕੰਮਾਂ ਵਿਚ ਅੰਤਰ ਸਿਰਫ ਲੋਹੇ ਤੇ ਸੋਨੇ ਦੀ ਬੇੜੀ ਜਿੰਨਾ ਹੈ। ਮਾੜੇ ਕੰਮ ਲੋਹੇ ਦੀ ਬੇੜੀ ਵਾਂਗ ਹਨ। ਚੰਗੇ ਕੰਮ ਸੋਨੇ ਦੀ ਬੇੜੀ ਵਾਂਗ ਹਨ। ਗਿਆਨ ਪ੍ਰਾਪਤੀ ਤੋਂ ਬਾਦ ਸਾਨੂੰ ਸੁਭ ਸੋਚਣ ਦੀ ਆਦਤ ਪਾਉਣੀ ਚਾਹੀਦੀ ਹੈ। ਗਿਆਨ ਤੋਂ ਬਾਦ ਦੀ ਅਵਸਥਾ ਨੂੰ ਅਸੀਂ ਤਿੰਨ ਭਾਗ ਵਿਚ ਵੰਡ ਸਕਦੇ ਹਾਂ—

1. ਜ਼ੁਬਾਨ ਰਾਹੀ ਬੋਲ ਕੇ ਭਾਵ ਕਵਿਤਾ, ਗੀਤ, ਲੈਕਚਰ, ਵਿਚਾਰ ਆਦਿ ਰਾਹੀ। ਇਸ ਤਰ੍ਹਾਂ ਗਿਆਨ ਦਾ ਸੰਦੇਸ਼ ਦਿੱਤਾ ਜਾਂਦਾ ਹੈ।

2. ਪਹਿਰਾਵਾ ਤੇ ਜਿਹਨੇ ਦੇ ਹਾਵ-ਭਾਵ, ਸਲੀਕਾ, ਬੋਲਣ ਦਾ ਢੰਗ ਆਦਿ। ਜਿਹੜੇ ਮਹਾਂਪੁਰਸ਼ ਸੰਜੀਦਾ ਤੇ ਸਾਦਗੀ ਵਾਲੇ ਹੋਣਗੇ, ਉਨ੍ਹਾਂ ਦੇ ਦਰਸ਼ਨ ਕਰਕੇ ਸਾਨੂੰ ਸ਼ਾਂਤੀ ਮਿਲੇਗੀ।

3. ਕਰਮ, ਜੋ ਰੋਜ਼ਾਨਾਂ ਜ਼ਿੰਦਗੀ ਵਿਚ ਸਵੇਰ ਤੋਂ ਸ਼ਾਮ ਤਕ ਕਰਦੇ ਹਾਂ ਜਿਵੇਂ ਉਨਦੇ ਸਾਰ ਸਿਮਰਨ,ਧਿਆਨ, ਨਮਸਕਾਰ, ਰੋਜ਼ਾਨਾ ਸੁਚੇਤ ਕਰਮ, ਬੋਲਚਾਲ, ਵਿਵਹਾਰ ਸਭ ਵਿਚ ਗਿਆਨ ਦਾ ਸ਼ਾਮਿਲ ਹੋਣਾ। ਇਹ ਅਵਸਥਾ ਸਭ ਤੋਂ ਸ੍ਰੇਸ਼ਠ ਅਵਸਥਾ ਹੁੰਦੀ ਹੈ। ਇਸ ਲਈ ਜਿਥੇ ਗਿਆਨ ਦਾ ਹੋਣਾ ਜ਼ਰੂਰੀ ਹੈ ਉਥੇ ਕਰਮ ਦਾ ਹੋਣਾ ਕਿਤੇ ਵੱਧ ਜ਼ਰੂਰੀ ਹੋ ਜਾਂਦਾ ਹੈ।

"ਗਿਆਨ ਤੋਂ ਬਿਨਾਂ ਕਰਮ ਅੰਨ੍ਹਾ ਹੈ ਤੇ ਕਰਮ ਤੋਂ ਬਿਨਾਂ ਗਿਆਨ ਲੰਗੜਾ ਹੈ।" ਨਿਰੰਕਾਰੀ ਮਿਸ਼ਨ ਦੇ ਬੱਚੇ -ਬੱਚੇ ਤੇ ਅੱਜ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਹੋਈ ਹੈ। ਅਧਿਆਤਮਵਾਦ ਸ਼ੁਰੂ ਹੀ ਬ੍ਰਹਮਗਿਆਨ ਤੋਂ ਹੁੰਦਾ ਹੈ। ਜਿਸਨੂੰ ਬ੍ਰਹਮਗਿਆਨ ਚੰਗੀ ਤਰ੍ਹਾ ਸਮਝ ਆ ਜਾਵੇ, ਉਹ ਦਿਖਾਵੇ ਦਾ ਜੀਵਨ ਬਸਰ ਨਹੀ ਕਰ ਸਕਦਾ। ਇਥੋਂ ਤਕ ਕਿ ਬਹੁਤ ਸਾਰੇ ਭੈਣ-ਭਰਾਵਾਂ ਨੇ ਵਰਦੀ ਤਾਂ ਪਾਈ ਹੋਈ ਹੈ ਪਰ ਗਿਆਨ ਦੀ ਸਮਝ ਨਹੀ ਆਈ। ਸਭ ਤੋਂ ਪਹਿਲਾ ਸਾਨੂੰ ਇਸਨੂੰ ਸਮਝਣਾ ਚਾਹੀਦਾ ਹੈ। ■

ਜ਼ਰੂਰਤ ਹੈ ਪਿਆਰ ਦੀ

❑ **ਹਰਬੰਸ ਸਿੰਘ** (ਮਾਨਸਾ)

ਅੱਜ ਸੰਸਾਰ ਵਿਚ ਚਾਰੇ ਪਾਸੇ ਵੈਰ, ਈਰਖਾ ਤੇ ਨਫ਼ਰਤ ਦਾ ਹੀ ਬੋਲ ਬਾਲਾ ਹੈ, ਕਿਸੇ ਪਾਸੇ ਧਰਮ ਦੇ ਨਾਂ ਤੇ, ਕਿਸੇ ਪਾਸੇ ਜ਼ਾਤ-ਪਾਤ ਦੇ ਨਾਂ ਤੇ ਅਤੇ ਕਿਸੇ ਪਾਸੇ ਭਾਸ਼ਾਵਾਂ ਦੇ ਨਾਂ ਤੇ ਲੋਕ ਲੜ ਰਹੇ ਹਨ। ਇਸ ਦੇ ਬਾਰੇ ਸਹਿਨਸ਼ਾਹ ਜੀ ਅਵਤਾਰ ਬਾਣੀ ਵਿਚ ਫਰਮਾਉਂਦੇ ਹਨ ਕਿ —

ਇਹ ਵੀ ਅਜਬ ਬਣੀ ਏ ਲੀਲਾ
ਝਗੜੇ ਪਏ ਇਨਸਾਨਾਂ ਦੇ।
ਬੰਦੇ ਦਾ ਏ ਵੈਰੀ ਬੰਦਾ
ਕੰਮ ਫੜੇ ਹੈਵਾਨਾਂ ਦੇ।
ਮਜ਼੍ਹਬ, ਮਜ਼੍ਹਬ ਵਿਚ ਝਗੜੇ ਵੇਖੇ
ਜੰਞੂ ਅਤੇ ਕ੍ਰਿਪਾਨਾਂ ਦੇ।
ਅਜਬ ਅਜਬ ਨੇ ਝਗੜੇ ਹੁੰਦੇ
ਲਿੱਪੀਆਂ ਅਤੇ ਜ਼ੁਬਾਨਾਂ ਦੇ।
(ਸੰ.ਅ.ਬ.ਸ਼. ਨੰ: 195)

ਅੱਜ ਸਾਰੇ ਹੀ ਮੁਲਕ ਹਥਿਆਰਾਂ ਦੀ ਦੌੜ ਵਿਚ ਲੱਗੇ ਹੋਏ ਹਨ। ਮਨੁੱਖਤਾ ਨੂੰ ਤਬਾਹ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਮਨੁੱਖਤਾ ਨੂੰ ਬਚਾਉਣ ਦੇ ਉਪਰਾਲੇ ਬਹੁਤ ਹੀ ਘੱਟ ਹੋ ਰਹੇ ਹਨ। ਹਰ ਵੱਡਾ ਮੁਲਕ ਛੋਟੇ ਮੁਲਕ ਨੂੰ ਦਬਾਉਣਾ ਚਾਹੁੰਦਾ ਹੈ। ਇਨਸਾਨ ਹੀ ਇਨਸਾਨਾਂ ਨਾਲ ਹੈਵਾਨਾਂ ਵਰਗਾ ਸਲੂਕ ਕਰ ਰਹੇ ਹਨ। ਹਰ ਪਾਸੇ ਹੀ ਲੁੱਟਮਾਰ, ਛੀਣਾ-ਛਪਟੀ, ਕਤਲੋ-ਗਾਰਤ ਵਰਗੀਆਂ ਘਟਨਾਵਾਂ ਸੁਣਨ ਵਿਚ ਆ ਰਹੀਆਂ ਹਨ। ਕੋਈ ਆਪਣੇ ਆਪ ਨੂੰ ਹਿੰਦੂ ਦੱਸ ਰਿਹਾ ਹੈ, ਕੋਈ ਸਿੱਖ, ਕੋਈ ਈਸਾਈ ਤੇ ਕੋਈ ਮੁਸਲਮਾਨ ਅਖਵਾ ਰਿਹਾ ਹੈ, ਜਦ ਕਿ ਹਰ ਇਨਸਾਨ ਵਿਚ ਖ਼ੂਨ ਇਕ ਹੀ ਰੰਗ ਦਾ ਹੈ। ਇਹ ਨਹੀਂ ਕਿ ਕਿਸੇ ਦੇ ਦੋ ਸਿਰ ਜਾਂ ਚਾਰ ਟੰਗਾਂ ਹੋਣ। ਰੱਬ ਨੇ ਹਰ ਆਦਮੀ ਨੂੰ ਇਕੋ ਜਿਹਾ ਬਣਾਇਆ ਹੈ, ਜਿਸਦਾ ਜ਼ਿਕਰ ਮਹਾਤਮਾ ਕਬੀਰ ਜੀ ਪਵਿੱਤਰ ਗੁਰਬਾਣੀ ਵਿਚ ਕਰਦੇ ਹਨ ਕਿ :-

ਮਾਟੀ ਏਕ ਅਨੇਕ ਭਾਂਤਿ
ਕਰਿ ਸਾਜੀ ਸਾਜਨਹਾਰੈ।।
ਨਾ ਕਛੁ ਪੋਚ ਮਾਟੀ ਕੇ ਭਾਂਡੇ
ਨਾ ਕਛੁ ਪੋਚ ਕੁੰਭਾਰੈ।।
(ਆਦਿ ਗ੍ਰੰਥ ਪੰਨਾ ਨੰ: 1350)

ਇਹੋ ਗੱਲ ਅਵਤਾਰ ਬਾਣੀ ਵਿਚ ਬਾਬਾ ਅਵਤਾਰ ਸਿੰਘ ਜੀ ਕਹਿ ਰਹੇ ਹਨ ਕਿ :—

ਪੰਜ ਤੱਤਾਂ ਦੇ ਪੁਤਲੇ ਵੇਖੇ
ਵੱਖ ਵੱਖ ਇਨਸਾਨ ਬਣੇ।
ਕੋਈ ਹਿੰਦੂ ਤੇ ਸਿਖ ਈਸਾਈ
ਕੋਈ ਨੇ ਮੁਸਲਮਾਨ ਬਣੇ।
ਇਹਦੀ ਮਤ ਦੇ ਚਾਨਣ ਉਤੇ
ਪਰਦੇ ਪੈ ਗਏ ਰਾਤਾਂ ਦੇ ।
ਰਾਗ ਅਵੱਲੇ ਛੇੜੀ ਬੈਠੇ
ਇਹ ਮਜ਼੍ਹਬਾਂ ਤੇ ਜ਼ਾਤਾਂ ਦੇ।
(ਸੰ. ਅ. ਬ. ਸ਼. ਨੰ: 91)

ਇਸਦਾ ਕਾਰਣ ਇਹੀ ਹੈ ਕਿ ਇਨਸਾਨ ਆਪਣੇ ਪ੍ਰਭੂ ਪ੍ਰਮਾਤਮਾ ਨਾਲੋਂ ਨਾਤਾ ਤੋੜ ਕੇ ਮਾਇਆ ਦੀ ਚਕਾਚੌਂਧ ਵਿਚ ਆਪਣੇ ਹੋਸ਼ ਭੁਲਾਈ ਬੈਠਾ ਹੈ। ਅੱਜ ਦੇ ਮਾਨਵ ਵਿਚੋਂ ਪ੍ਰੀਤ, ਨਿਮਰਤਾ ਸਹਿਨਸ਼ੀਲਤਾ, ਦਇਆ ਜਿਹੇ ਗੁਣ ਅਲੋਪ ਹੁੰਦੇ ਜਾ ਰਹੇ ਹਨ ।

ਮਾਨਵ ਨੂੰ ਸਭ ਤੋਂ ਸ੍ਰੇਸ਼ਠ ਜੋਨੀ ਪ੍ਰਾਪਤ ਹੋਈ ਹੈ, ਇਸਨੂੰ ਹੋਰਾਂ ਪ੍ਰਾਣੀਆਂ ਨਾਲੋਂ ਇਸੇ ਕਰਕੇ ਹੀ ਸ੍ਰੇਸ਼ਠ ਮੰਨਿਆ ਗਿਆ ਹੈ ਕਿ ਇਸ ਕੋਲ ਚੇਤਨ ਬੁੱਧੀ ਹੈ, ਇਹ ਵਿਵੇਕ ਹਾਸਿਲ ਕਰ ਸਕਦਾ ਹੈ, ਇਸਨੂੰ ਆਪਣੇ ਚੰਗੇ ਮਾੜੇ ਦਾ ਪਤਾ ਹੁੰਦਾ ਹੈ, ਪਰ ਸੂਝਵਾਨ ਹੋਣ ਦੇ ਬਾਵਜੂਦ ਇਨਸਾਨ ਪਿਆਰ ਦੀ ਥਾਂ ਵੈਰ, ਈਰਖਾ, ਨਫ਼ਰਤ ਵਲ ਕਦਮ ਵਧਾ ਰਿਹਾ ਹੈ।

ਇਨਸਾਨ ਦੇ ਮਨ ਵਿਚ ਜਦ ਤਕ ਪਿਆਰ ਪੈਦਾ ਨਹੀਂ ਹੁੰਦਾ ਤਦ ਤਕ ਉਹ ਨਫ਼ਰਤ, ਈਰਖਾ, ਉਚ-ਨੀਚ, ਅਤੇ ਤੰਗਦਿਲੀ ਦੇ ਦਾਇਰੇ ਵਿਚੋਂ ਨਹੀਂ ਨਿਕਲ ਸਕਦਾ। ਇਨਸਾਨ ਦੇ ਮਨ ਵਿਚ ਪਿਆਰ ਸਿਰਫ ਸਤਿਗੁਰੂ ਹੀ ਉਤਪੰਨ ਕਰ ਸਕਦਾ ਹੈ।

ਸੰਪੂਰਨ ਅਵਤਾਰ ਬਾਣੀ ਵਿਚ ਵੀ ਫਰਮਾਇਆ ਹੈ ਕਿ —

ਗੁਰੂ ਦਿਖਾਵੇ ਗੁਰੂ ਮਨਾਵੇ
ਗੁਰੂ ਹੀ ਪਿਆਰ ਸਿਖਾਂਦਾ ਏ।
(ਸੰ.ਅ.ਬ.ਸ.ਨੰ: 78)

ਕਿਉਂਕਿ ਜੋ ਸੱਚਾ ਪਿਆਰ ਹੁੰਦਾ ਹੈ ਉਹ ਕਦੇ ਵੀ ਨਹੀਂ ਮਿਟ ਸਕਦਾ। ਸੱਚਾ ਪਿਆਰ ਕੇਵਲ ਪ੍ਰਮਾਤਮਾ ਨਾਲ ਹੀ ਹੋ ਸਕਦਾ ਹੈ ਜੋ ਕਿ ਨਿਰਵੈਰ, ਨਿਰਭਉ, ਨਿਰ-ਆਕਾਰ ਅਤੇ ਅਬਿਨਾਸ਼ੀ ਹੈ। ਸੰਸਾਰ ਦਾ ਪਿਆਰ ਸੱਚਾ ਨਹੀਂ ਹੋ ਸਕਦਾ, ਇਹ ਟੁੱਟ ਸਕਦਾ ਹੈ।ਇਹੋ ਜਿਹਾ ਪਿਆਰ ਸਿਰਫ ਮਤਲਬ ਤਕ ਹੀ ਸੀਮਿਤ ਹੁੰਦਾ ਹੈ, ਅਵਤਾਰ ਬਾਣੀ ਵਿਚ ਵੀ ਇਸਦਾ ਜ਼ਿਕਰ ਹੈ ਕਿ:—

ਮਤਲਬ ਦੇ ਹਨ ਸਾਰੇ ਰਿਸ਼ਤੇ
ਨਾ ਕੋਈ ਭੈਣ ਨਾ ਭਾਈ ਏ।
ਉਡੀ ਪ੍ਰੀਤ ਨਿਮ੍ਰਤਾ ਜਗ ਤੋਂ
ਕੁਲ ਦੁਨੀਆਂ ਦੁਖਦਾਈ ਏ।
(ਸੰ.ਅ.ਬ.ਸ.ਨੰ: 304)

ਸਤਿਗੁਰੂ ਸੰਸਾਰ ਵਿਚ ਪ੍ਰਗਟ ਹੋ ਕੇ ਹਰ ਇਕ ਇਨਸਾਨ ਨੂੰ ਪਿਆਰ ਨਿਮਰਤਾ ਨਾਲ ਰਹਿਣ ਦਾ ਸਲੀਕਾ ਦਸਦਾ ਹੈ। ਪਿਆਰ ਕਰਨ ਵਾਲਿਆਂ ਲਈ ਸਾਰੇ ਹੀ ਆਪਣੇ ਹੁੰਦੇ। ਕੋਈ ਬਿਗਾਨਾ, ਗੋਰਾ-ਕਾਲਾ, ਅਮੀਰ-ਗਰੀਬ ਨਹੀਂ ਹੁੰਦਾ। ਪਿਆਰ ਵੀ ਕੇਵਲ ਸੰਤ ਮਹਾਤਮਾ ਹੀ ਕਰ ਸਕਦੇ ਹਨ। ਸਾਨੂੰ ਸਤਿਗੁਰੂ ਨੇ ਰੱਬੀ ਗਿਆਨ ਦੇ ਕੇ ਪ੍ਰਭੂ ਪ੍ਰੇਮੀ ਬਣਾਇਆ ਹੈ, ਅਸੀਂ ਹਰ ਥਾਂ ਤੇ ਪਿਆਰ ਨੂੰ ਫੈਲਾਉਂਦੇ ਜਾਣਾ ਹੈ। ਹਰ ਇਕ ਇਨਸਾਨ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਉਸ ਨਾਲ ਪਿਆਰ ਕਰਨਾ ਹੈ। ਅਵਤਾਰ ਬਾਣੀ ਵਿਚ ਵੀ ਇਹੀ ਲਿਖਿਆ ਹੈ ਕਿ:—

ਇਕ ਨੂੰ ਜਾਣ ਕੇ ਘਟ ਘਟ ਅੰਦਰ
ਸਭਨਾਂ ਦੇ ਨਾਲ ਪਿਆਰ ਕਰਨ।
ਇਕ ਨੂੰ ਜਾਣ ਕੇ ਘਟ ਅੰਦਰ
ਸਭਨਾਂ ਦਾ ਸਤਿਕਾਰ ਕਰਨ।
ਗੁਣ ਗਾਵਨ ਨਿਤ ਏਸੇ ਇਕ ਦੇ
ਏਸੇ ਦਾ ਦੀਦਾਰ ਕਰਨ।
ਏਸੇ ਇਕ ਦੇ ਨਾਲ ਜੋੜ ਕੇ
ਬੇੜਾ ਜਗ ਦਾ ਪਾਰ ਕਰਨ।
(ਸੰ.ਅ.ਬ. ਸ.ਨੰ:228)

ਸੰਸਾਰ ਤੇ ਜਦ ਵੀ ਪੀਰ ਪੈਗੰਬਰ ਸੰਤ ਪੁਰਸ਼ ਆਏ ਤਾਂ ਸਭਨਾਂ ਨੇ ਹੀ ਇਨਸਾਨਾਂ ਨੂੰ ਪਿਆਰ ਦਾ ਸਬਕ ਪੜਾਇਆ, ਏਕੇ ਦੇ ਨਾਲ ਰਹਿਣਾ ਦੱਸਿਆ। ਜਿਸ ਤਰ੍ਹਾਂ ਬਿੱਛੂ ਦਾ ਕਰਮ ਡੰਗ ਮਾਰਨਾ ਹੁੰਦਾ ਹੈ ਉਹ ਆਪਣਾ ਕਰਮ ਨਹੀਂ ਛੱਡ ਸਕਦਾ, ਇਸੇ ਤਰ੍ਹਾਂ ਸੰਤਾਂ ਭਗਤਾਂ ਦਾ ਕਰਮ ਪਿਆਰ ਕਰਨਾ ਹੁੰਦਾ ਹੈ, ਉਹ ਆਪਣਾ ਕਰਮ ਕਰਦੇ ਚਲੇ ਜਾਂਦੇ ਹਨ। ਸੰਸਾਰ ਦੇ ਲੋਕ ਪਿਆਰ ਕਰਨ ਵਾਲਿਆਂ ਨੂੰ ਭਾਵੇਂ ਕਿੰਨੇ ਤਸੀਹੇ ਦੇਈ ਜਾਣ ਜਾਂ ਕਿੰਨਾ ਹੀ ਬੁਰਾ ਭਲਾ ਆਖੀ ਜਾਣ ਪਰ ਫਿਰ ਵੀ ਉਹ ਪਿਆਰ ਦਾ ਪੱਲਾ ਨਹੀਂ ਛੱਡਦੇ।

ਅਗਰ ਸੰਸਾਰ ਦਾ ਹਰ ਇਨਸਾਨ ਨਫ਼ਰਤ, ਵੈਰ, ਈਰਖਾ ਨੂੰ ਛੱਡ ਕੇ, ਪੂਰੇ ਸਤਿਗੁਰੂ ਕੋਲੋਂ ਬ੍ਰਹਮ ਦੀ ਦਾਤ ਹਾਸਿਲ ਕਰਕੇ ਹਰ ਇਕ ਇਨਸਾਨ ਨੂੰ ਆਪਣਾ ਵੀਰ, ਆਪਣਾ ਮਿੱਤਰ ਸਮਝਣ ਲੱਗ ਜਾਵੇ ਤਾਂ ਇਹ ਦੁਨੀਆਂ ਸਵਰਗ ਬਣ ਸਕਦੀ ਹੈ।

(ਬਾਕੀ ਵੇਖੋ ਪੰਨਾ 12 ਤੇ)

ਗਿਆਨ ਉਜਾਲਾ ਹੀ ਅਸਲ ਜਾਗ੍ਰਤੀ

❑ ਅਰੁਣਾ ਪੁੰਨ (ਬੰਗਾ)

ਸਦੀਵ ਕਾਲ ਤੋਂ ਹੀ ਮਨੁੱਖ ਦਾ ਸੁਭਾਅ ਸਮਾਜਿਕ, ਭੂਗੋਲਿਕ ਅਤੇ ਵਿਗਿਆਨਕ ਉਨੱਤੀ ਪ੍ਰਤੀ ਜਾਗ੍ਰਿਤ ਰਿਹਾ ਹੈ। ਇਸ ਜਾਗ੍ਰਤੀ ਦੇ ਕਾਰਨ ਹੀ ਮਨੁੱਖ ਦਾ ਸਫਰ ਪੱਥਰ ਕਾਲ ਤੋਂ ਸ਼ੁਰੂ ਹੋ ਕੇ ਅਜੋਕੇ ਵਿਗਿਆਨਕ ਉਨੱਤੀ ਨਾਲ ਭਰਪੂਰ ਯੁਗ ਵਿਚ ਦਾਖਲ ਹੋ ਚੁੱਕਾ ਹੈ। ਅੱਜ ਲਗਪਗ ਹਰ ਪਲੇਟ ਫਾਰਮ ਤੇ ਸਮਾਜ ਦੇ ਹਰ ਵਰਗ ਵਲੋਂ ਮਨੁੱਖ ਨੂੰ ਕਿਸੇ ਇਕ ਜਾਂ ਹੋਰ ਵਾਧੂ ਵਿਸ਼ਿਆਂ ਤੇ ਜਾਗਰੂਕ ਕਰਨ ਦਾ ਨਾਅਰਾ ਦਿੱਤਾ ਜਾ ਰਿਹਾ ਹੈ। ਇਹ ਜਾਗਰੂਕਤਾ ਸਮਾਜਿਕ, ਆਰਥਿਕ ਅਤੇ ਧਾਰਮਿਕ ਖੇਤਰ ਵਿਚ ਦੇਖ ਰਹੇ ਹਾਂ ਪ੍ਰੰਤੂ ਇਸ ਜਾਗਰੂਕਤਾ ਦੇ ਬਾਵਜੂਦ ਇਨਸਾਨ ਦਾ ਮਨ ਸ਼ਾਂਤ ਨਹੀ ਹੈ। ਜਿਸ ਸ਼ਾਂਤੀ ਨੂੰ ਪ੍ਰਾਪਤ ਕਰਨ ਲਈ ਮਨੁੱਖ ਦਾ ਮਨ ਭਟਕਦਾ ਰਹਿੰਦਾ ਹੈ, ਉਹ ਸ਼ਾਂਤੀ ਅਧਿਆਤਮ-ਗਿਆਨ ਨਾਲ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ ਜੀਵ ਈਸ਼ਵਰ ਦਾ ਅੰਸ ਹੈ ਤੇ ਅੰਸ ਸਦਾ ਆਪਣੇ ਅੰਸੀ ਨੂੰ ਮਿਲਣਾ ਚਾਹੁੰਦਾ ਹੈ। ਇਸ ਲਈ ਪੁਰਾਤਨ ਸਮੇਂ ਤੋਂ ਹੀ ਸੰਤ-ਮਹਾਤਮਾ ਇਨਸਾਨ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕਰਦੇ ਆ ਰਹੇ ਹਨ।

ਸੰਤਾਂ ਦਾ ਜਾਗ੍ਰਿਤ ਕਰਨ ਤੋਂ ਭਾਵ ਇਨਸਾਨ ਨੂੰ ਸ਼ਰੀਰਕ ਰੂਪ ਵਿਚ ਜਗਾ ਕੇ ਦੁਨਿਆਵੀ ਕਰਮ ਕਰਨ ਦੀ ਪ੍ਰੇਰਣਾ ਦੇਣਾ ਨਹੀਂ ਹੈ ਕਿਉਂਕਿ ਸ਼ਰੀਰਕ ਰੂਪ ਵਿਚ ਹਰ ਰੋਜ਼ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਜਗਾਉਂਦੇ ਹਨ। ਬੱਚਾ ਜਾਗ ਜਾਂਦਾ ਹੈ ਅਤੇ ਆਪਣੇ ਦੈਨਿਕ ਕੰਮਾਂ ਨੂੰ ਕਰਦਾ ਹੈ ਪ੍ਰੰਤੂ ਅਸੀਂ ਇਸ ਨੂੰ ਜਾਗ੍ਰਿਤ ਤਾਂ ਨਹੀ ਕਹਿ ਸਕਦੇ ਕਿਉਂਕਿ ਹਰ ਰੋਜ਼ ਉਠ ਕੇ ਦੈਨਿਕ ਕੰਮਾਂ ਨੂੰ ਕਰਨਾ, ਪਰਿਵਾਰ ਦੀ ਲੋੜ ਅਨੁਸਾਰ ਅਜੀਵਿਕਾ ਦੇ ਕੰਮ ਕਰਨਾ ਆਦਿ ਭੌਤਿਕ ਸਾਧਨਾਂ ਦੇ ਹੁੰਦੇ ਹੋਏ ਵੀ ਇਨਸਾਨ ਦੁਖੀ ਜੀਵਨ ਬਤੀਤ ਕਰਦਾ ਹੈ। ਭੌਤਿਕ ਉਨੱਤੀ ਸਰੀਰਕ ਜਾਗ੍ਰਤੀ ਦਾ ਪ੍ਰਤੀਕ ਹੈ।

ਗਿਆਨ ਹੋਣ ਤੋਂ ਬਾਅਦ ਜਦੋਂ ਜਾਗ੍ਰਿਤ ਅਵਸਥਾ ਪ੍ਰਾਪਤ ਹੁੰਦੀ ਹੈ ਤਾਂ ਅਧਿਆਤਮਿਕ ਦ੍ਰਿਸ਼ਟੀ ਹੋਣ ਨਾਲ ਉਸਦੇ ਕਰਮਾਂ ਅਤੇ ਬਚਨਾਂ ਵਿਚ ਇਕਰੂਪਤਾ ਆ ਜਾਂਦੀ ਹੈ। ਅਜਿਹਾ ਇਨਸਾਨ ਦੂਜਿਆਂ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਹੈ। ਜਾਗ੍ਰਿਤ ਅਵਸਥਾ ਕਰੁਣਾ ਅਤੇ ਬਲੀਦਾਨ ਦੀ ਪ੍ਰਤੀਕ ਹੈ। ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਅਵਤਾਰ ਬਾਣੀ ਦੇ ਸ਼ਲੋਕ ਨੰ : 167 ਵਿਚ ਇਨਸਾਨ ਨੂੰ ਜਾਗ੍ਰਿਤ ਕਰਦੇ ਹੋਏ ਲਿਖਦੇ ਹਨ :—

ਕਾਹਨੂੰ ਗਾਫਲ ਹੋ ਕੇ ਸੁੱਤੇ
ਅੱਖਾਂ ਮਿਟੀ ਹੈ ਇਨਸਾਨ।
ਜਾਗ ਕੇ ਆਪਣਾ ਕੰਮ ਮੁਕਾ ਲੈ
ਜਿਸ ਲਈ ਆਇਆ ਵਿਚ ਜਹਾਨ।

ਵਰਤਮਾਨ ਸਮੇਂ ਵਿਚ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਇਨਸਾਨ ਨੂੰ ਜਾਗ੍ਰਿਤ ਕਰਨ ਲਈ ਪਿੰਡ-ਪਿੰਡ, ਸ਼ਹਿਰ - ਸ਼ਹਿਰ ਅਤੇ ਦੇਸ਼ - ਵਿਦੇਸ਼ਾਂ ਵਿਚ ਜਾ ਕੇ ਯਤਨ ਕਰ ਰਹੇ ਹਨ ਤੇ ਹਰ ਇਨਸਾਨ ਨੂੰ ਇਹੀ ਸੰਦੇਸ਼ ਦੇ ਰਹੇ ਹਨ ਕਿ ਹਰ ਇਕ ਵਿਚ ਬ੍ਰਹਮ ਦਾ ਰੂਪ ਦੇਖਦੇ ਹੋਏ ਹਰੇਕ ਨੂੰ ਪਿਆਰ



ਕਰਨਾ ਅਤੇ ਸਤਿਕਾਰ ਦੇਣਾ ਹੀ ਇਨਸਾਨੀਅਤ ਦਾ ਧਰਮ ਹੈ। ਅੱਜ ਇਨਸਾਨ ਧਰਮ ਦੇ ਸਹੀ ਮਾਇਨਿਆਂ ਨੂੰ ਭੁੱਲ ਕੇ ਨਫ਼ਰਤ ਅਤੇ ਵੈਰ ਭਾਵਨਾਵਾਂ ਦੀਆਂ ਦੀਵਾਰਾਂ ਖੜੀਆਂ ਕਰਨ ਦਾ ਯਤਨ ਕਰ ਰਿਹਾ ਹੈ ਪਰ ਸੱਚਾ ਧਰਮ ਜੋੜਦਾ ਹੈ, ਤੋੜਦਾ ਨਹੀਂ। ਧਰਮ ਦੀਵਾਰਾਂ ਖੜੀਆਂ ਨਹੀਂ ਕਰਦਾ ਸਗੋਂ ਦੀਵਾਰਾਂ ਗਿਰਾਉਣ ਦਾ ਕੰਮ ਕਰਦਾ ਹੈ। ਇਨਸਾਨ ਬ੍ਰਹਮ ਦਾ ਗਿਆਨ ਲੈਣ ਮਗਰੋਂ ਪੁੱਲਾਂ ਦਾ ਨਿਰਮਾਣ ਕਰਦਾ ਹੈ ਨਾ ਕਿ ਦੀਵਾਰਾਂ ਖੜੀਆਂ ਕਰਨ ਦਾ। ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਨਾਲ ਮਨੋਂ ਬਿਕਾਰ ਖਤਮ ਹੁੰਦੇ ਹਨ, ਮਨ ਦੀ ਸ਼ੁੱਧੀ ਹੁੰਦੀ ਹੈ। ਹਰੀ ਮਿਲਨ ਨਾਲ ਸੁਖ ਸ਼ਾਂਤੀ ਮਿਲਦੀ ਹੈ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਫੇਰ ਇਨਸਾਨ ਸੰਸਾਰ ਵਿਚ ਰਹਿੰਦੇ ਹੋਏ ਵੀ ਸੰਸਾਰਿਕ ਮਾਇਆ ਤੋਂ ਅਲਗ ਰਹਿੰਦਾ ਹੈ। ਗਿਆਨ ਲੈਣ ਤੋਂ ਬਾਅਦ ਉਸ ਵਿਚ 'ਨਾ ਕੋ ਬੈਰੀ ਨਾ ਹੀ ਬਿਗਾਨਾ' ਵਾਲੀ ਭਾਵਨਾ ਜਾਗ੍ਰਿਤ ਹੋ ਜਾਂਦੀ ਹੈ। ਫਿਰ ਇਨਸਾਨ ਇਕ ਪਰਮ ਪਿਤਾ-ਪਰਮਾਤਮਾ ਨੂੰ ਜਾਣ ਕੇ ਸਾਰੇ ਹੀ ਇਨਸਾਨਾਂ ਵਿਚ ਇਸ ਪ੍ਰਭੂ-ਪਰਮਾਤਮਾ ਦਾ ਨੂਰ ਦੇਖਣ ਲਗ ਜਾਂਦਾ ਹੈ। ਅਵਤਾਰ ਬਾਣੀ ਵਿਚ ਵੀ ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਇਸ ਇਕ ਨੂਰ ਦਾ ਵਰਨਣ ਕਰਦੇ ਹਨ :-

ਇਕੋ ਨੂਰ ਹੈ ਸਭ ਦੇ ਅੰਦਰ
ਨਰ ਹੈ ਚਾਹੇ ਨਾਰੀ ਏ।
ਬ੍ਰਾਹਮਣ ਖਤਰੀ ਵੈਸ਼ ਹਰੀਜਨ
ਇਕ ਦੀ ਖਲਕਤ ਸਾਰੀ ਏ।

(ਸੰ. ਅ. ਬ. ਸ਼. ਨੰ: 9-ਅ)

ਬ੍ਰਹਮ ਗਿਆਨ ਦੀ ਪ੍ਰਾਪਤੀ ਮਗਰੋਂ ਐਸੀ ਅਵਸਥਾ ਬਣ ਜਾਣ ਤੋਂ ਬਾਅਦ ਇਸ ਦੇ ਲਈ ਜ਼ਾਤ-ਪਾਤ ਦੇ ਝਗੜੇ ਜਾਂ ਝੂਠੇ ਮਾਨ-ਅਪਮਾਨ ਦੀ ਭਾਵਨਾ ਨਹੀਂ ਰਹਿ ਜਾਂਦੀ। ਇਨਸਾਨ ਜਾਣ ਲੈਂਦਾ ਹੈ ਹਕੀਕਤ ਵਿਚ ਇਕ ਹੀ ਧਰਮ ਹੈ ਤੇ ਉਹ ਹੈ ਇਨਸਾਨੀਅਤ ਦਾ ਧਰਮ। ਜਿਹੜਾ ਵੀ ਇਨਸਾਨ ਬਾਕੀ ਸਾਰੇ ਧਰਮਾਂ ਨੂੰ ਤਿਆਗ ਕੇ ਇਸ ਅਟਲ ਧਰਮ ਨੂੰ ਅਪਣਾ ਲੈਂਦਾ ਹੈ ਉਹ ਭਾਸ਼ਾ ਤੇ ਪਹਿਰਾਵੇ ਦੇ ਫਰਕ ਨੂੰ ਨਾ ਮੰਨਦਾ ਹੋਇਆ ਸਾਰੇ ਇਨਸਾਨਾਂ ਨੂੰ ਬਰਾਬਰ ਆਦਰ-ਸਤਿਕਾਰ ਦੇਣ ਲਗਦਾ ਹੈ। ਉਸ ਦੀ ਸਮਾਨ-ਦ੍ਰਿਸ਼ਟੀ ਬਣ ਜਾਂਦੀ ਹੈ। ਉਹ ਜਾਣ ਜਾਂਦਾ ਹੈ ਕਿ ਇਹ ਰਚਨਾ ਦਾਤਾਰ ਦੀ ਬਣਾਈ ਹੋਈ ਹੈ, ਇਸ ਲਈ ਸਭ ਨਾਲ ਪਿਆਰ ਦੀ ਭਾਵਨਾ ਹੀ ਰੱਖਣੀ ਹੈ। ਫਿਰ ਉਸਦੇ ਹਿਰਦੇ ਵਿਚ ਸਦਭਾਵਨਾ ਹੁੰਦੀ ਹੈ,ਸਮਦ੍ਰਿਸ਼ਟੀ ਹੁੰਦੀ ਹੈ। ਉਹ ਹਰੇਕ ਦੇ ਭਲੇ ਦੀ ਕਾਮਨਾ ਕਰਦਾ ਹੈ। ਇਸ ਤਰ੍ਹਾਂ ਸਤਿਗੁਰੂ ਦੁਆਰਾ ਗਿਆਨ ਉਜਾਲਾ ਪਾ ਕੇ ਜਾਗ੍ਰਿਤ ਇਨਸਾਨ ਆਪ ਵੀ ਸੁਖੀ ਹੁੰਦਾ ਹੈ ਤੇ ਦੂਜਿਆਂ ਨੂੰ ਜਗਾਉਣ ਦਾ ਯਤਨ ਕਰਦਾ ਹੈ।

(ਪੰਨਾ 10 ਦੀ ਬਾਕੀ)

ਅੱਜ ਵਕਤ ਦਾ ਰਹਿਬਰ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਆਪਣੀ ਸ਼ਰਨ 'ਚ ਆਏ ਹਰ ਇਨਸਾਨ ਨੂੰ ਬਿਨਾਂ ਕਿਸੇ ਭੇਦਭਾਵ, ਬਿਨਾਂ ਕਿਸੇ ਊਚ-ਨੀਚ, ਬਿਨਾਂ ਕਿਸੇ ਰੰਗ-ਨਸਲ ਦੇ ਬ੍ਰਹਮ ਗਿਆਨ ਦੇ ਕੇ ਹਰ ਇਕ ਇਨਸਾਨ ਦੇ ਮਨ ਵਿਚ ਪਿਆਰ ਦੇ ਬੀਜ, ਬੀਜ ਰਹੇ ਹਨ ਤਾਂ ਕਿ ਇਹ ਦੁਨੀਆਂ ਸੁੰਦਰ ਹੁੰਦੀ ਚਲੀ ਜਾਏ।

59ਵੇਂ ਸਮਾਗਮ ਦੇ ਮੌਕੇ ਤੇ ਕਵੀ ਦਰਬਾਰ ਦੀ ਇਹ ਸਮੱਸਿਆਂ ਸਿਰਫ ਕਹਿਣ ਅਤੇ ਸੁਣਨ ਤਕ ਹੀ ਨਾ ਰਹਿ ਜਾਵੇ ਬਲਕਿ ਹਰ ਇਨਸਾਨ ਦੇ ਹਿਰਦੇ ਵਿਚ ਘਰ ਕਰ ਜਾਵੇ ਕਿ—

ਨਾ ਵੈਰ ਨਾ ਤਕਰਾਰ ਦੀ,
ਅੱਜ ਹੈ ਜ਼ਰੂਰਤ ਪਿਆਰ ਦੀ।

. . . ਉਹ ਕਰੇ ਆਪ ਸਮਾਨ

• ਰਾਮ ਮੂਰਤੀ 'ਭੱਟੀ' (ਕਾਹਮਾ)

ਜਿਵੇਂ ਮੈਲਾ ਕਪੜਾ ਆਪਣੇ ਆਪ ਨੂੰ ਧੋਬੀ ਦੇ ਹਵਾਲੇ ਕਰਕੇ ਆਪਣੀ ਸਾਰੀ ਮੈਲ ਤੋਂ ਛੁਟਕਾਰਾ ਪਾ ਕੇ ਉਜਵਲ ਹੋ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਇਕ ਅਵਗੁਣਾਂ ਨਾਲ ਭਰਪੂਰ ਇਨਸਾਨ ਆਪਣੇ ਆਪ ਨੂੰ ਸਤਿਗੁਰੂ ਦੇ ਚਰਨਾਂ ਵਿਚ ਇਵੇਂ ਸਮਰਪਤ ਕਰ ਦਿੰਦਾ ਹੈ ਤਾਂ ਸਤਿਗੁਰੂ ਉਸ ਇਨਸਾਨ ਵਿਚੋਂ ਅਵਗੁਣਾਂ ਨੂੰ ਖਾਰਜ ਕਰਕੇ ਇਕ ਗੁਣਵਾਨ ਇਨਸਾਨ ਬਣਾ ਦਿੰਦਾ ਹੈ ਲੇਕਿਨ ਸ਼ਰਤ ਇਹ ਹੈ ਕਿ ਉਹ ਇਨਸਾਨ ਆਪਣੀ ਹੀਲ-ਹੁਜੱਤ, ਚਤੁਰ-ਚਲਾਕੀ, ਵਿਦਵਤਾ-ਸਿਆਣਪ ਦਾ ਬਿਲਕੁਲ ਤਿਆਗ ਕਰ ਦੇਵੇ। ਜਿੰਨੀ ਦੇਰ ਤਕ ਅਹਿਮ ਦਾ ਇਕ ਕਿਣਕਾ ਵੀ ਉਸਦੇ ਅੰਦਰ ਮੌਜੂਦ ਹੈ, ਓਨੀ ਦੇਰ ਤਕ ਉਹ ਇਕ ਪੂਰਨ ਗੁਰਸਿੱਖ ਦੀ ਉਪਾਧੀ ਤਕ ਨਹੀਂ ਪਹੁੰਚ ਸਕਦਾ। ਆਮ ਉਦਾਹਰਣ ਦਿੱਤੀ ਜਾਂਦੀ ਹੈ ਕਿ ਪਾਰਸ ਦੀ ਛੋਹ ਪ੍ਰਾਪਤ ਕਰਕੇ ਲੋਹਾ ਸੋਨੇ ਵਿਚ ਬਦਲ ਜਾਂਦਾ ਹੈ ਪਰ ਜੇਕਰ ਲੋਹੇ ਅਤੇ ਪਾਰਸ ਦਾ ਠੀਕ ਤਰ੍ਹਾਂ ਨਾਲ ਸੰਪਰਕ ਹੀ ਨਾ ਬਣੇ ਤਾਂ ਲੋਹਾ ਪਾਰਸ ਦੇ ਨਾਲ ਰਹਿਣ ਦੇ ਬਾਵਜੂਦ ਵੀ ਸੋਨਾ ਨਹੀਂ ਬਣ ਸਕਦਾ।

ਕੋਈ ਸੱਜਣ ਕਿਸੇ ਮਹਾਤਮਾ ਦੇ ਕੋਲ ਗਿਆ ਜਿਸ ਕੋਲ ਪਾਰਸ ਸੀ। ਆਖਣ ਲੱਗਾ- ਮਹਾਤਮਾ ਜੀ ਸੁਣਿਆ ਹੈ ਕਿ ਲੋਹਾ ਪਾਰਸ ਨਾਲ ਛੂਹਣ ਤੇ ਸੋਨਾ ਬਣ ਜਾਂਦਾ ਹੈ ਅਤੇ ਇਹ ਵੀ ਕਹਿੰਦੇ ਹਨ ਕਿ ਆਪ ਕੋਲ ਇਕ ਪਾਰਸ ਹੈ ! ਮਹਾਤਮਾ ਨੇ ਆਪਣੇ ਇਕ ਸਰਧਾਲੂ ਭਗਤ ਨੂੰ ਆਪਣੀ ਕੁਟੀਆ ਵਿਚੋਂ ਪਾਰਸ ਵਾਲਾ ਡੱਬਾ ਲਿਆਉਣ ਲਈ ਕਿਹਾ। ਉਸ ਸੱਜਣ ਨੇ ਵੇਖਿਆ ਕਿ ਡੱਬਾ ਤਾਂ ਲੋਹੇ ਦਾ ਹੈ।ਸੋਚਣ ਲੱਗਾ ਕਿ ਅਗਰ ਪਾਰਸ ਵਿਚ ਲੋਹੇ ਨੂੰ ਸੋਨੇ ਵਿਚ ਬਦਲਣ ਦੀ ਤਾਕਤ ਹੈ ਤਾਂ ਇਹ ਲੋਹੇ ਦਾ ਡੱਬਾ ਸੋਨੇ ਵਿਚ ਤਬਦੀਲ ਕਿਉਂ ਨਹੀ ਹੋਇਆ? ਆਖਣ ਲੱਗਾ- ਮਹਾਤਮਾ ਜੀ ਲੋਕ ਝੂਠ ਬੋਲਦੇ ਹਨ। ਮਹਾਤਮਾ ਨੇ ਸਮਝਾਇਆ- ਨਹੀਂ ਭਲੇ ਪੁਰਸ, ਲੋਕ ਝੂਠ ਨਹੀਂ ਬੋਲਦੇ, ਅਜੇ ਤੇਰੇ ਸਾਹਮਣੇ ਹਕੀਕਤ ਨਹੀਂ ਆਈ। ਡੱਬੇ ਨੂੰ ਖੋਲ੍ਹਿਆ ਗਿਆ। ਵੇਖਿਆ ਕਿ ਪਾਰਸ ਇਕ ਮਖਮਲ ਦੇ ਸੁੰਦਰ ਕਪੜੇ ਵਿਚ ਲਪੇਟ ਕੇ ਰੱਖਿਆ ਹੋਇਆ ਸੀ। ਮਹਾਤਮਾ ਕਹਿਣ ਲੱਗੇ ਕਿ ਲੋਹਾ ਸੋਨੇ ਵਿਚ ਇਸ ਕਰਕੇ ਤਬਦੀਲ ਨਹੀਂ ਹੋਇਆ ਕਿਉਂਕਿ ਮਖਮਲ ਦੇ ਕਪੜੇ ਨੇ ਦੋਹਾਂ ਵਿਚਕਾਰ ਪੂਰਨ ਤੌਰ ਤੇ ਸੰਪਰਕ ਪੈਦਾ ਨਹੀਂ ਹੋਣ ਦਿੱਤਾ। ਇਸੇ ਤਰ੍ਹਾਂ ਸਤਿਗੁਰੂ ਪਾਸੋਂ ਗੁਣਾਂ ਦਾ ਖਜ਼ਾਨਾ ਪ੍ਰਾਪਤ ਕਰਨ ਲਈ ਵੀ ਸਾਨੂੰ ਆਪਣੇ ਅੰਦਰੋਂ ਅਹਿਮ ਦੀ ਤਹਿ ਨੂੰ ਹਟਾ ਕੇ ਸਤਿਗੁਰੂ ਦੇ ਵਾਸਤਵਿਕ ਸਰੂਪ ਨਾਲ ਜੁੜਨਾ ਪਵੇਗਾ। ਕਹਿੰਦੇ ਹਨ ਕਿ ਪਾਰਸ ਤਾਂ ਲੋਹੇ ਨੂੰ ਸੋਨੇ ਵਿਚ ਬਦਲਦਾ ਹੈ ਪਰ ਸਤਿਗੁਰੂ ਤਾਂ ਆਪਣੇ ਭਗਤ ਨੂੰ ਆਪਣਾ ਹੀ ਰੂਪ ਬਖਸ਼ ਦਿੰਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਫਰਮਾਇਆ ਗਿਆ ਹੈ ਕਿ :—

ਪਾਰਸ ਮੈਂ ਔਰ ਸੰਤ ਮੈਂ ਬੜੋ ਅੰਤਰੋ ਜਾਨ।
ਉਹ ਲੋਹਿਓ ਕੰਚਨ ਕਰੇ ਉਹ ਕਰੇ ਆਪ ਸਮਾਨ।

ਯੁਗਪੁਰਸ਼ ਸਤਿਗੁਰੂ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਇਸੇ ਕਥਨ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ :—

ਗੁਰਸਿੱਖਾਂ ਦਾ ਰੂਪ ਧਾਰ ਕੇ ਸਤਿਗੁਰ ਪ੍ਰਗਟ ਹੁੰਦਾ ਏ।
ਸਤਿਗੁਰੂ ਆਪਣਾ ਆਪ ਸਦਾ ਗੁਰਸਿੱਖਾਂ ਵਿਚ ਸਮੋਂਦਾ ਏ।

(ਸੰ. ਅ. ਬਾ. ਸ਼ਲੋਕ ਨੰ: 281)

ਇਨਸਾਨ ਲਗਾਤਾਰ ਮਾਇਆ ਵਿਚ ਵਿਚਰਣ ਕਰਦਾ ਹੈ। ਘਰ-ਗ੍ਰਿਹਸਥੀ ਚਲਾਉਣ ਲਈ ਉਸਨੂੰ ਪਲ-ਪਲ ਤੇ ਮਾਇਆ ਦੀ ਜ਼ਰੂਰਤ ਪੈਂਦੀ ਹੈ। ਇਸ ਤਰ੍ਹਾਂ ਲਗਾਤਾਰ ਮਾਇਆ ਦੇ ਸੰਪਰਕ ਵਿਚ ਰਹਿਣ ਨਾਲ ਉਸਦੇ ਮਨ ਉਤੇ ਮਾਇਆ ਆਪਣੀ ਗਹਿਰੀ ਛਾਪ ਛੱਡ ਦਿੰਦੀ ਹੈ। ਧੀਆਂ-ਪੁੱਤਰਾਂ ਦਾ ਮੋਹ, ਧਨ-ਦੌਲਤ ਦਾ ਮੋਹ ਲਗਾਤਾਰ ਇਨਸਾਨ ਨੂੰ ਆਪਣੀ ਜਕੜ ਵਿਚ ਲਈ ਰੱਖਦਾ ਹੈ। ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ ਤਾਂ ਕਈ ਵਾਰ ਉਹ ਅਜਿਹੇ ਕਰਮ ਵੀ ਕਰਨ ਤੇ ਮਜ਼ਬੂਰ ਹੋ ਜਾਂਦਾ ਹੈ ਜਿਹੜੇ ਸੰਸਾਰ ਦੀਆਂ ਨਜ਼ਰਾਂ ਵਿਚ ਨਿੰਦਣਯੋਗ ਹੁੰਦੇ ਹਨ। ਉਹੀ ਇਨਸਾਨ ਜਦੋਂ ਕਿਸੇ ਪੂਰਨ-ਸੰਤ ਦੇ ਸੰਪਰਕ ਵਿਚ ਆ ਜਾਂਦਾ ਹੈ ਤਾਂ ਉਹ ਮਹਾਨ-ਆਤਮਾ ਉਸਦੀ ਸੋਚ ਦੀ ਦਿਸ਼ਾ ਬਦਲ ਦਿੰਦੀ

ਹੈ। ਉਹ ਮਾਇਆ ਵਿਚ ਰਹਿ ਕੇ ਵੀ ਮਾਇਆ ਦੇ ਪ੍ਰਭਾਵ ਤੋ ਨਿਰਲੇਪ ਹੋ ਜਾਂਦਾ ਹੈ। ਓਹ ਆਮ ਲੋਕਾਂ ਵਿਚ ਵਿਚਰਦਾ ਹੋਇਆ ਵੀ ਆਮ ਲੋਕਾਂ ਤੋਂ ਨਿਆਰਾ ਹੁੰਦਾ ਹੈ। ਉਸਦਾ ਹਰ ਕਰਮ ਉਤੱਮ ਹੁੰਦਾ ਹੈ ਅਤੇ ਸਮਾਜ ਉਸਨੂੰ ਇੱਕ ਫਰਿਸ਼ਤੇ ਵਾਂਗ ਸਮਝਣ ਲੱਗ ਪੈਂਦਾ ਹੈ।

ਜਿਵੇਂ ਚੰਦਨ ਦੇ ਬੂਟੇ ਕੋਲ ਉਗੀ ਮਾਹ-ਬੂਟੀ ਵਿਚੋ ਵੀ ਚੰਦਨ ਦੀ ਮਹਿਕ ਆਉਣ ਲਗਦੀ ਹੈ, ਇਸੇ ਤਰ੍ਹਾਂ ਪੂਰਨ ਸੰਤ ਦੀ ਸ਼ਰਣ ਵਿਚ ਰਹਿ ਕੇ ਇਨਸਾਨ ਸੰਤਾਂ ਵਾਲੇ ਦੈਵੀ ਗੁਣ ਬਿਖੇਰਦਾ ਚਲਾ ਜਾਂਦਾ ਹੈ। ਉਸ ਪੂਰਨ ਮਹਾਤਮਾ ਦੇ ਕਰਮ ਨੂੰ ਗੁਰਬਾਣੀ ਇਵੇਂ ਬਿਆਨ ਕਰਦੀ ਹੈ:—

ਜਿਉ ਲੋਹਾ ਪਾਰਸ ਛੋਹਿਏ
ਚੰਦਨ ਵਾਸ ਲਿੰਗ ਮਹਿਕਾਈ।।
ਪਸੂ ਪਰੇਤਹੂੰ ਦੇਵ ਕਰੇ
ਪੂਰੇ ਸਤਿਗੁਰ ਕੀ ਵਡਿਆਈ।।

ਉਸ ਇਨਸਾਨ ਦੀ ਨਜ਼ਰ, ਉਸਦੀ ਸੋਚ, ਉਸਦੀ ਭਾਵਨਾ ਆਪਣੇ ਮਾਲਕ ਵਰਗੀ ਹੋ ਜਾਂਦੀ ਹੈ। ਉਹ ਆਪਣੇ ਮਾਲਿਕ ਦਾ ਬੇਅ-ਖਰੀਦ ਬੰਦਾ ਬਣ ਜਾਂਦਾ ਹੈ ਜਿਸਦੀ ਆਪਣੀ ਕੋਈ ਮਨ-ਮਰਜ਼ੀ ਨਹੀਂ ਹੁੰਦੀ। ਉਹ ਆਪਣੇ ਮਾਲਕ ਦੀ ਇੱਛਾ ਅਨੁਸਾਰ ਕਰਮ ਕਰਦਾ ਹੈ ਅਤੇ ਮਾਲਕ ਦੀ ਇੱਛਾ ਅਨੁਸਾਰ ਹੀ ਆਪਣਾ ਜੀਵਨ ਜਿਉਂਦਾ ਹੈ। ਉਹ ਆਪਣੇ ਮਾਲਕ ਦੇ ਹੁਕਮ ਨੂੰ ਇਲਾਹੀ ਹੁਕਮ ਮੰਨ ਕੇ ਚਲਦਾ ਹੈ। ਇਹ ਹੁਕਮ ਮੰਨਣ ਦਾ ਹੀ ਫਲ ਸੀ ਜਿਸਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਦੇਵ ਦੇ ਸਰੂਪ ਵਿਚ ਬਦਲ ਦਿੱਤਾ।

ਕਹਿੰਦੇ ਹਨ ਕਿ ਇਕ ਵਾਰ ਗੁਰੂ ਨਨਕ ਸਾਹਿਬ ਨੇ ਆਪਣੇ ਗੁਰਸਿੱਖਾਂ ਦੀ ਪ੍ਰੀਖਿਆ ਲੈਣ ਲਈ ਅਜੀਬ ਕੌਤਕ ਰਚਿਆ। ਆਪ ਅੱਗੇ ਅੱਗੇ ਚਲ ਪਏ ਅਤੇ ਸੰਗਤ ਪਿਛੇ ਪਿਛੇ। ਜਦੋਂ ਕਾਫੀ ਦੂਰ ਨਿਕਲ ਗਏ ਤਾਂ ਸੰਗਤ ਵਿਚੋਂ ਕੁਝ ਲੋਕ ਸੋਚਣ ਲੱਗੇ ਕਿ ਬਾਬੇ ਨੇ ਪਤਾ ਨਹੀਂ ਕਦੋਂ ਤਕ ਚੱਲਣਾ ਹੈ, ਅਸੀਂ ਤਾਂ ਥੱਕ ਗਏ ਹਾਂ। ਉਹ ਵਾਪਸ ਮੁੜ ਪਏ। ਜਿਹੜੀ ਸੰਗਤ ਸਾਹਿਬਾਂ ਦੇ ਨਾਲ ਸੀ, ਕਾਫੀ ਦੂਰ ਜਾਣ ਤੋਂ ਬਾਅਦ ਉਨ੍ਹਾਂ ਵਿਚੋਂ ਵੀ ਕੁਝ ਲੋਕ ਸਚਣ ਲਗੇ ਕਿ ਸ਼ਾਇਦ ਬਾਬੇ ਦਾ ਦਿਮਾਗੀ ਤਵਾਜ਼ਨ ਠੀਕ ਨਹੀਂ ਰਿਹਾ। ਇਹ ਸੋਚ ਕੇ ਉਹ ਵੀ ਵਾਪਸ ਆ ਗਏ। ਹੋਰ ਕਾਫੀ ਅੱਗੇ ਚਲੇ ਜਾਣ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਵਿਸ਼ਵਾਸ ਕਰ ਲਿਆ ਕਿ ਬਾਬਾ ਸੱਚਮੁਚ ਹੀ ਪਾਗਲ ਹੋ ਗਿਆ ਹੈ। ਚੱਲੋ, ਅਸੀਂ ਵੀ ਵਾਪਸ ਮੁੜ ਚਲਦੇ ਹਾਂ। ਇਸ ਤਰ੍ਹਾਂ ਬਹੁਤ ਘੱਟ ਗਿਣਤੀ ਵਿਚ ਗੁਰਸਿਖ ਗੁਰੂ ਨਾਨਕ ਸਾਹਿਬ ਦੇ ਨਾਲ ਰਹਿ ਗਏ। ਜਦੋਂ ਇਕ ਭਿਆਨਕ ਜੰਗਲ ਵਿਚ ਪਹੁੰਚੇ ਤਾਂ ਦੇਖ ਕੇ ਸਭ ਹੈਰਾਨ ਰਹਿ ਗਏ ਕਿ ਇਕ ਮੁਰਦੇ ਨੂੰ ਸਫੈਦ ਕਪੜਾ ਪਾ ਕੇ ਢੱਕਿਆ ਹੋਇਆ ਸੀ। ਹੁਕਮ ਦਿੱਤਾ ਕਿ ਇਸ ਮੁਰਦੇ ਨੂੰ ਖਾਓ। ਸਾਰਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਤੇ ਆਪਸ ਵਿਚ ਘੁਸਰ-ਮੁਸਰ ਕਰਨ ਲਗ ਪਏ। ਭਾਈ ਲਹਿਣਾ ਜੀ ਹੱਥ ਜੋੜ ਕੇ ਚਰਨਾਂ ਤੇ ਝੁਕ ਗਏ ਤੇ ਆਖਣ ਲੱਗੇ, ਸੱਚੇ ਪਾਤਸ਼ਾਹ ! ਹੁਕਮ ਕਰੋ ਕਿ "ਸਿਰ ਵਲੋਂ ਖਾਣਾ ਸ਼ੁਰੂ ਕਰਾਂ ਜਾਂ ਪੈਰਾਂ ਵਲੋਂ।" ਗੁਰੂ ਸਾਹਿਬ ਫਰਮਾਉਣ ਲੱਗੇ ਕਿ ਭਾਈ ਲਹਿਣਿਆ, ਤੇਰੀ ਮੌਜ ਹੈ, ਜਿਧਰੋਂ ਮਰਜ਼ੀ ਸ਼ੁਰੂ ਕਰ ਲੈ। ਕਹਿੰਦੇ ਹਨ ਕਿ ਜਦੋਂ ਕਪੜਾ ਚੁਕਿਆ ਗਿਆ ਤਾਂ ਹੇਠੋਂ ਫਲਾਂ ਅਤੇ ਫੱਲਾਂ ਦਾ ਢੇਰ ਨਿਕਲਿਆ। ਇਸ ਤਰ੍ਹਾਂ ਭਾਈ ਲਹਿਣੇ ਨੂੰ ਗੁਰੂ ਸਾਹਿਬ ਨੇ ਥਾਪੀ ਦਿੱਤੀ ਕਿ "ਲਹਿਣਿਆ ! ਤੂੰ ਲਹਿਣਾ ਨਹੀ, ਤੂੰ ਲੇਣਾ ਹੇ, ਤੂੰ ਸਾਡਾ ਹੀ ਰੂਪ ਹੇ" ਹੁਕਮ ਦੀ ਪਾਲਣਾ ਤੇ ਨਿਸ਼ਕਾਮ ਸੇਵਾ ਦੇਖ ਕੇ ਹੀ ਗੁਰੂ ਨਾਨਕ ਸਾਹਿਬ ਦਾ ਦੂਜਾ ਰੂਪ ਦੂਜਾ ਜਾਮਾ ਭਾਈ ਲਹਿਣਾ ਗੁਰੂ ਅੰਗਦ ਦੇਵ ਦੇ ਰੂਪ ਵਿਚ ਪ੍ਰਗਟ ਹੋਇਆ। ਇਸ ਤਰ੍ਹਾਂ ਜਿਸ ਉਤੇ ਪੂਰਾ ਸਤਿਗੁਰੂ ਤੁੱਠ ਪੈਂਦਾ ਹੈ, ਉਸਨੂੰ ਆਪਣਾ ਹੀ ਰੂਪ ਬਖਸ਼ ਦਿੰਦਾ ਹੈ।

ਸਤਿਗੁਰੂ ਉਹ ਮਹਾਨ ਸ਼ਖਸ਼ੀਅਤ ਹੈ ਜੋ ਆਪਣੀ ਸ਼ਰਣ ਵਿਚ ਆਏ ਇਨਸਾਨ ਦੇ ਜੀਵਨ ਦੀ ਕਾਇਆ-ਕਲਪ ਕਰ ਦਿੰਦਾ ਹੈ। ਉਹ ਕਦੇ ਇਨਸਾਨ ਦੇ ਬਾਹਰੀ ਸਵਰੂਪ ਨੂੰ ਨਹੀ ਬਦਲਦਾ। ਸਮਾਜ ਵਿਚ ਉਸਦੇ ਰੁੱਤਬੇ ਨੂੰ ਉਸੇ ਤਰ੍ਹਾਂ ਕਾਇਮ ਰੱਖਦਾ ਹੈ। ਬਾਹਰੀ ਪਹਿਰਵਾ, ਰਹਿਣ-ਸਹਿਨ ਦਾ ਢੰਗ, ਖਾਣ-ਪੀਣ ਦਾ ਤਰੀਕਾ ਬਿਲਕੁਲ ਪਹਿਲਾਂ ਵਾਲਾ ਹੀ ਰਹਿੰਦਾ ਹੇ। ਅਗਰ ਕੁਝ ਬਦਲਦਾ ਹੈ ਤਾਂ ਇਨਸਾਨ ਦੀ ਸੋਚ। ਸਤਿਗੁਰੂ ਉਸਦੀ ਪਹਿਲੀ ਵਿਚਾਰਧਾਰਾ ਨੂੰ ਆਪਣੀ ਵਿਚਾਰਧਾਰਾ ਵਿਚ ਲੀਨ ਕਰ ਲੈਂਦਾ ਹੈ ਫਿਰ ਗੁਰਸਿੱਖ ਦੀ ਸੋਚ ਗੁਰੂ ਦੀ ਸੋਚ ਵਰਗੀ ਬਣ ਜਾਂਦੀ ਹੈ। ਫਿਰ ਗੁਰਸਿੱਖ ਸਤਿਗੁਰੂ ਦੇ ਬਾਹਰੀ ਸਰੂਪ ਵੱਲ ਧਿਆਨ ਨਾ ਦੇ ਕੇ ਇਨਸਾਨੀ ਜਨਮ ਵਿਚ ਖੁਦ ਭਗਵਾਨ ਦੇ ਰੂਪ ਨੂੰ ਨਿਹਾਰਦਾ ਹੈ। ਦੋਨਾਂ ਦੀ ਸੋਚ ਇਕ ਹੋਣ ਨਾਲ ਦੋਨੋਂ ਆਤਮਿਕ ਤੌਰ ਤੇ ਇਕ ਹੋ ਜਾਂਦੇ ਹਨ। ਜਦੋਂ ਭਗਵਾਨ

(ਬਾਕੀ ਵੇਖੋ ਪੰਨਾ 16 ਤੇ)

. . . ਉਪਰਿ ਸੱਚ ਵਿਚਾਰ

• ਲਲਤੇਸ਼ ਮਲਹੀ (ਮਥੁਰਾ)

ਗੁਰਸਿੱਖ ਆਪਣੇ ਵਜੂਦ ਨੂੰ ਜਦੋਂ ਨਿਰੰਕਾਰ ਪ੍ਰਭੂ-ਪ੍ਰਮੇਸ਼ਵਰ ਤੋਂ ਅਲਗ ਨਹੀਂ ਵੇਖ ਰਿਹਾ ਹੁੰਦਾ ਤਾਂ ਉਸਦਾ ਧਰਮ ਸਾਰੀ ਮਾਨਵਤਾ ਲਈ ਸੁਨੇਹਾ ਬਣ ਕੇ ਹਰ ਉਤੱਮ ਆਚਰਣ ਦਾ ਨੀਹ-ਪੱਥਰ ਬਣ ਜਾਂਦਾ ਹੈ। ਇਹੋ ਜਿਹੇ ਗੁਰਸਿੱਖ ਦੀ ਸੱਚ ਨਾਲ ਅਜਿਹੀ ਸਾਂਝ ਬਣੀ ਹੋਈ ਹੁੰਦੀ ਹੈ ਕਿ ਕੋਈ ਵੀ ਉਸਦੇ ਪਵਿੱਤਰ ਆਕਰਸ਼ਣ ਅਤੇ ਛੋਹ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀ ਰਹਿ ਸਕਦਾ ਤਾ ਹੀ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਗੁਰਸਿੱਖ ਪ੍ਰਤੀ ਆਪਣੀ ਭਾਵਨਾ ਪ੍ਰਗਟ ਕਰਦਿਆਂ ਫਰਮਾਉਂਦੇ ਹਨ :—

ਗੁਰਸਿਖਾਂ ਦਾ ਰੂਪ ਧਾਰ ਕੇ
ਸਤਿਗੁਰ ਪ੍ਰਗਟ ਹੁੰਦਾ ਏ।
ਸਤਿਗੁਰ ਆਪਣਾ ਆਪ ਸਦਾ
ਗੁਰਸਿਖਾ ਵਿਚ ਸਮੋਂਦਾ ਏ।

(ਸੰ. ਅ. ਬ. ਸ਼ ਨੰ: 281)

ਅੱਜ ਸੰਸਾਰ ਵਿਚ ਇਨਸਾਨ ਦਿਨ ਰਾਤ ਜਿਹੜੀ ਬੰਦਗੀ ਨੂੰ ਸੱਜ ਸਮਝ ਕੇ ਕਰੀ ਜਾਂਦਾ ਹੈ। ਉਸ ਵਿਚ ਗਿਆਨ ਦ੍ਰਿਸ਼ਟੀ ਤੇ ਆਤਮ-ਅਨੁਭਵ ਦੀ ਕਮੀ ਹੋਣ ਕਰਕੇ ਸਦੀਵੀ ਅਨੰਦ ਤੋਂ ਮਹਿਰੂਮ ਰਹਿ ਜਾਂਦਾ ਹੈ। ਸੰਸਾਰਿਕ ਭਗਤੀ ਨੂੰ ਜੋ ਗਿਆਨ ਵਿਹੂਣੀ ਹੁੰਦੀ ਹੈ ਤੇ ਜਿਸਦਾ ਕੋਈ ਆਧਾਰ ਵੀ ਨਹੀ ਹੁੰਦਾ, ਸੱਚ ਕਹਿਰਾ ਕੇ ਆਪਣੇ ਅਨਮੋਲ ਮਨੁੱਖੀ ਜੀਵਨ ਦੀ ਭੇਂਟਾਂ ਚਾੜ੍ਹ ਦਿੰਦਾ ਹੈ ਤਾਂ ਰੱਬ ਵੀ ਹੈਰਾਨ ਰਹਿ ਜਾਂਦਾ ਹੈ ਕਿ ਇਸ ਨੇ ਤਾਂ ਨਾਮ ਰਤਨ ਤੇ ਗੁਣਗਾਨ ਨੂੰ ਹੀ ਸਭ ਕੁਝ ਸਮਝ ਲਿਆ, ਇਸ ਨੂੰ ਤਾਂ ਮੇਰੀ ਲੋੜ ਹੀ ਨਹੀ ਪਈ। ਅਜਿਹੀ ਬੰਦਗੀ ਫਿਰ ਸੰਸਾਰ ਦੀ ਨਾ-ਸਮਝੀ ਅਖਵਾਉਂਦੀ ਹੈ ਅਤੇ ਆਖਰਕਾਰ ਜੀਅ ਦਾ ਜੰਜਾਲ ਬਣ ਕੇ ਰਹਿ ਜਾਂਦੀ ਹੈ। ਆਪਣੀ ਇਸ ਨਾਦਾਨੀ ਕਾਰਨ ਮਨੁੱਖ ਮੁਤ-ਮੁਤ ਜਨਮ-ਮਰਣ ਦੀ ਫ਼ਾਹੀ ਆਪਣੇ ਗਲ ਵਿਚ ਪੁਆ ਲੈਂਦਾ ਹੈ। ਗੁਰਸਿੱਖ ਫਿਰ ਵੀ ਆਪਣਾ ਫਰਜ਼ ਨਿਭਾਉਂਦਾ ਹੈ ਅਤੇ ਰੱਬੀ ਪਿਆਰ ਨੂੰ ਆਪਣੇ ਤਕ ਸੀਮਿਤ ਨਾ ਰੱਖਦੇ ਹੋਏ ਸੱਭ ਨੂੰ ਕਹਿਣ ਤੋਂ ਪਿਛੇ ਨਹੀ ਹੱਟਦਾ। ਬਾਬਾ ਅਵਤਾਰ ਸਿੰਘ ਜੀ ਦਾ ਸ਼ਬਦ ਸੰਪੂਰਣ ਅਵਤਾਰ ਬਾਣੀ ਵਿਚ ਦਰਜ ਹੈ:

ਮਾਨੁਸ਼ ਜਨਮ ਆਖ਼ਰੀ ਪੌੜੀ
ਤਿਲਕ ਗਿਆ ਤੇ ਵਾਰੀ ਗਈ।
ਕਹੇ ਅਵਤਾਰ ਚੁਰਾਸੀ ਵਾਲੀ
ਘਾਲ ਕਮਾਈ ਸਾਰੀ ਗਈ।

(ਸੰ. ਅ. ਬਾ. ਸ਼ ਨੰ:353)

ਗੁਰਸਿੱਖ ਆਪਣੀ ਸੰਸਾਰਿਕ ਬਿਰਤੀ ਉਤੇ ਆਪਣੇ ਗੁਰੂ ਪ੍ਰਤੀ ਸਮਰਪਣ-ਭਾਵ ਰੱਖਣ ਕਰਕੇ ਇਕ ਜਗਦੀ ਜੋਤ ਬਣਿਆ ਹੋਇਆ ਇਸ ਸੰਸਾਰ ਵਾਸਤੇ ਚਾਨਣ-ਮੁਨਾਰਾ ਬਣਿਆ ਰਹਿੰਦਾ ਹੈ। ਗੁਰਸਿੱਖ 'ਨਾਮ ਨਾਲੋਂ ਵੱਧ 'ਨਾਮੀਂ ਨੂੰ ਅਤੇ 'ਗਾਉਣ' ਨਾਲੋਂ ਵੱਧ 'ਗੈ (ਸਹੁ) ਨੂੰ ਮਹੱਤਵ ਦੇ ਰਿਹਾ ਹੁੰਦਾ ਹੈ ਤਾਂ ਕਿਤੇ ਜਾ ਕੇ ਇਸ ਭੋਲੇ ਸੰਸਾਰ ਨੂੰ ਪ੍ਰਭੂ ਦੀ ਯਾਦ ਆਉਂਦੀ ਹੈ। ਮਹਾਤਮਾ ਸ਼ੇਖ ਫਰੀਦ ਜੀ ਦੇ ਸ਼ਬਦਾ ਵਿਚ :—

ਉਠ ਫਰੀਦਾ ਸੁਤਿਆ ਦੁਨੀਆਂ ਝਾਲਣ ਜਾ।
ਮਤਿ ਕੋਈ ਥੀਵੇ ਖਖਸ਼ਿਆ ਤੂੰ ਵੀ ਖਖਸ਼ਿਆ ਜਾ।

ਪਰਮ ਆਨੰਦਮਈ ਅਵਸਥਾ ਵਿਚ ਮਹਾਤਮਾ ਬੁੱਲ੍ਹੇ ਸ਼ਾਹ ਜੀ ਕਹਿਣੋਂ ਨਹੀ ਹਿਚਕਦੇ

'ਬੁੱਲ੍ਹਿਆ' ਸ਼ਹੁ ਤਾਂ ਤੈਥੋਂ ਵੱਖ ਨਹੀ,
ਪਰ ਵੇਖਣ ਵਾਲੀ ਅੱਖ ਨਹੀ।।

ਅਤੇ

ਏਕ ਵਸਤੂ ਬੂਝਹਿ ਤਾ ਹੋਵਹਿ ਪਾਕ।।
ਬਿਨੁ ਬੂਝੇ ਤੂੰ ਸਦਾ ਨਾਪਾਕ।।

(ਆਦਿ ਗ੍ਰੰਥ ਪੰਨਾ ਨੰ: 374)

ਗੁਰਸਿੱਖ ਹਮੇਸ਼ਾਂ ਆਪਣੇ ਸਤਿਗੁਰੂ ਦੀ ਓਟ ਲੈਂਦੇ ਹੋਏ ਸੰਸਾਰ ਦੀ ਅਣਗਹਿਲੀ ਭਰੀ ਅਜੋਕੀ ਹਾਲਤ ਤੇ ਤਰਸ ਖਾਂਦਿਆਂ ਹਰ ਇਕ ਦੇ ਦੁੱਖ ਨੂੰ ਅਪਣਾ ਦੁਖ ਮੰਨਦਾ ਹੈ ਅਤੇ ਸੰਸਾਰ ਨਾਲ ਰੱਬੀ ਪਿਆਰ ਦੀ ਸਾਂਝ ਪਾਉਣ ਨੂੰ ਆਪਣਾ ਕਰਤੱਵ ਮੰਨਦੇ ਹੋਏ ਸਮਝਾਉਣ ਦਾ ਜਤਨ ਕਰਦਾ ਹੈ :—

ਜਉ ਸਉ ਚੰਦਾ ਉਗਵਹਿ ਸੂਰਜ ਚੜਿ ਹਜਾਰ।।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।।

(ਆਦਿ ਗ੍ਰੰਥ ਪੰਨਾ ਨੰ :463)

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।

(ਆਦਿ ਗ੍ਰੰਥ ਪੰ. ਨੰ: 293)

ਆਉ, ਅਸੀਂ ਵੀ ਅਪਣੇ ਅੰਦਰ ਝਾਤ ਮਾਰ ਕੇ ਚੰਗੀ ਤਰ੍ਹਾਂ ਇਹ ਪਰਖ ਲਈਏ। ਅਸੀ ਗੁਰਸਿੱਖੀ ਨੂੰ ਪਹਿਲ ਦੇ ਰਹੇ ਹਾਂ ਜਾਂ ਸਿਰਫ ਸੰਸਾਰਿਕ ਬਿਰਤੀ ਨੂੰ ਹੀ ਅਪਨਾ ਕੇ ਸਬਰ ਕਰੀ ਜਾ ਰਹੇ ਹਾਂ। ਕਈ ਵਾਰ ਤਾਂ ਸਾਡੀ ਸਥਿਤੀ ਇਹੋ ਜਿਹੀ ਵੀ ਨਿਕਲ ਆਉਂਦੀ ਹੈ ਕਿ ਅਸੀਂ ਗਿਆਨ ਦਾ ਦਾਰੂ ਵਰਤਦਿਆਂ ਹੋਇਆਂ ਵੀ ਸਤਿਗੁਰੂ ਸੱਚੇ-ਪਾਤਸ਼ਾਹ ਦੁਆਰਾ ਦੱਸੇ ਪ੍ਰਹੇਜ਼ਾਂ ਤੋਂ ਕੁਤਾਹੀ ਕਰ ਰਹੇ ਹੁੰਦੇ ਹਾਂ ਫਿਰ ਤਾਂ ਅਸੀ ਵੀ ਸਦੀਵੀ ਪਰਮ-ਆਨੰਦਮਈ ਅਵਸਥਾ ਤੋਂ ਖੁੰਝ ਬਹਿੰਦੇ ਹਾਂ। ਫਿਰ ਚਿੱਕੜ ਅਤੇ ਕਮਲ ਵਿਚ ਫਰਕ ਹੀ ਕਿੰਨਾਂ ਰਹਿ ਜਾਂਦਾ ਹੈ। ਅਸੀ ਜ਼ਰੂਰ ਵਿਚਾਰਨਾ ਹੈ ਅਤੇ ਆਪਣੇ ਆਪ ਨੂੰ ਸੰਵਾਰਨ ਲਈ ਗੁਰਮਤਿ ਦਾ ਆਸਰਾ ਲਈ ਜਾਣਾ ਹੈ।

ਗੁਰਸਿੱਖ ਪ੍ਰਤੱਖ-ਗੁਰੂ, ਨਿਰੰਕਾਰ-ਅਬਿਨਾਸ਼ੀ ਰੂਪ ਨੂੰ ਮੁੱਖ ਅਤੇ ਮੁਹਰੇ ਰੱਖ ਕੇ ਪਰਉਪਕਾਰੀ ਭਗਤੀ ਦਾ ਲੜ ਫੜੀ ਰੱਖਦਾ ਹੈ ਤਾਂ ਹੀ ਮਨਮਰਜ਼ੀ ਦੀ ਸੰਸਾਰਕ ਹਨ੍ਹੇਰੀ ਆਪਣੇ ਆਪ ਗੁਰੂ ਦੀ ਸਹਿਜ ਕਿਰਪਾ ਰੂਪੀ ਬਾਰਿਸ਼ ਦੀ ਫੁਹਾਰ ਵਿਚ ਭਿੱਜ ਕੇ ਆਪਣੇ ਹੰਕਾਰ ਨੂੰ ਜ਼ਮੀਨ ਤੇ ਢਾਹ ਸੁੱਟਦੀ ਹੈ। ਪਲ ਭਰ ਦਾ ਆਨੰਦ ਸਦੀਵੀ ਬਣ ਬਹਿੰਦਾ ਹੈ। ਜਨਮ-ਮਰਣ ਦੇ ਬੱਦਲ ਤਿਤਰ-ਬਿਤਰ ਹੋ ਕੇ ਆਪਣੇ ਸਰੋਤ ਸਮੁੰਦਰ ਵਿਚ ਲੀਨ ਹੋ ਜਾਂਦੇ ਹਨ।

ਗ਼ਜ਼ਲ

• ਪ੍ਰਮਜੀਤ 'ਕੰਵਲ (ਕਨੇਡਾ)

ਸੱਚ ਜਦ ਜਦ ਪ੍ਰਗਟ ਹੋਇਆ,
ਉਹਦੇ ਨਾਲ ਜੋ ਬੀਤੀ ਸਮਝ ਲਿਆ।
ਆਦਿਆਂ ਦੀ ਤਾਂ ਕਦਰ ਨਹੀਂ,
ਇਹ ਜਗ ਰੀਤੀ ਸਮਝ ਲਿਆ।

ਹਰ ਰਸ ਦਾ ਰੰਗ ਉਹ ਕੀ ਜਾਨਣ,
ਜਿਹੜੇ ਬਿਖਿਆ ਰਸ ਦੇ ਆਦੀ ਨੇ,
ਗੱਲਾਂ ਹੌਛਾਂਆਂ ਜਦ ਉਹ ਕਰਦੇ ਨੇ,
ਮਾਇਆ ਮਧ ਪੀਤੀ ਸਮਝ ਲਿਆ।

ਜਿਹੜੇ ਮਾਣ ਤਕੱਬਰ ਵਿਚ ਆ ਕੇ,
ਗੁਰੂ ਦਰ ਤੋਂ ਬੇ-ਮੁਖ ਹੋ ਜਾਂਦੇ,
ਅੱਖੀਂ ਵੇਖ ਕੇ ਹਾਲਤ ਉਨ੍ਹਾ ਦੀ,
ਉਹਨਾਂ ਨਾਲ ਜੋ ਬੀਤੀ ਸਮਝ ਲਿਆ।

ਮਿਠੇ ਬੋਲ ਜੋ ਮੁੰਹ ਤੋਂ ਬੋਲਦੇ ਨੇ,
ਪਰ ਬਗਲ 'ਚ ਛੁਰੀਆਂ ਰੱਖੀਆਂ ਨੈ,
ਗਿਆਨ ਦੀ ਅੱਖ ਨਾਲ ਤੱਕਿਆ ਜਾ,
ਹੈ ਅੰਦਰ ਪਲੀਤੀ ਸਮਝ ਲਿਆ।

ਗੁਰ ਗਿਆਨ ਦੀ ਦ੍ਰਿਸ਼ਟੀ ਨਾਲ'ਕੰਵਲ',
ਗਿਰੇਬਾਨ 'ਚ ਅਪਣੇ ਤੱਕਿਆ ਜਾ,
ਸਾਰੇ ਔਗੁਣ ਬਖ਼ਸ਼ ਕੇ ਸਤਿਗੁਰੂ ਨੇ,
ਜੋ ਰਹਿਮਤ ਕੀਤੀ ਸਮਝ ਲਿਆ।

(ਪੰਨਾ 4 ਦੀ ਬਾਕੀ)

ਕ੍ਰਿਸ਼ਨ ਅਰਜੁਨ ਨੂੰ ਗੀਤਾ ਉਪਦੇਸ਼ ਦੇ ਰਹੇ ਸਨ ਤਾਂ ਉਹ ਸਮਝਾ ਰਹੇ ਸਨ ਕਿ ''ਹੇ ਅਰਜੁਨ। ਮੇਰੇ ਬ੍ਰਹਮ ਗਿਆਨੀ ਭਗਤ ਉਹ ਹਨ ਜੋ ਮੇਰੇ ਇਸ ਬ੍ਰਹਮ-ਸਰੂਪ ਨੂੰ ਜਾਣਦੇ ਹਨ। ਮੈਂ ਉਨ੍ਹਾਂ ਵਿਚ ਹਾਂ ਅਤੇ ਉਹ ਮੇਰੇ ਵਿਚ ਹਨ। ਜੋ ਮੇਰੇ ਵਾਸਤਵਿਕ ਰੂਪ ਨੂੰ ਨਹੀ ਜਾਣਦਾ। ਉਹ ਮਹਾਂਮੂਰਖ ਅਤੇ ਅਗਿਆਨੀ ਹੈ।''

ਗੁਰਸਿੱਖ ਇਸ ਤਰ੍ਹਾਂ ਆਪਣੀ ਹੋਂਦ ਨੂੰ ਖਤਮ ਕਰ ਦਿੰਦਾ ਹੈ ਅਤੇ ਗੁਰੂ ਦੇ ਬਰਨਾਂ ਤੇ ਮਰ ਮਿਟਦਾ ਹੈ। ਸਤਿਗੁਰੂ ਉਸਨੂੰ ਨਿਰਲੇਪ, ਵਿਸ਼ੇ-ਵਿਕਾਰਾਂ ਤੋਂ ਰਹਿਤ ਪਰਉਪਕਾਰੀ ਜਿੰਦਗੀ ਬਖਸ਼ਦਾ ਹੈ। ਐਸੀ ਅਵਸਥਾ ਹੀ ਇਨਸਾਨ ਨੂੰ ਪੂਰਨ ਗੁਰਸਿੱਖ ਦੀ ਪਦਵੀ ਤਕ ਪਹੁੰਚਾਉਂਦੀ ਹੈ। ਉਹ ਸੰਸਾਰ ਦੀ ਮਨਮੋਹਕ ਮਾਇਆ ਤੋਂ ਖਬਰਦਾਰ ਹੋ ਜਾਂਦਾ ਹੈ। ਸਤਿਗੁਰੂ ਉਸਨੂੰ ਇਹ ਸਮਝਣ ਦੇ ਯੋਗ ਬਣਾ ਦਿੰਦਾ ਹੈ:—

ਹਉਮੈ ਮੇਲਾ ਇਹ ਸੰਸਾਰਾ
ਨਿਤ ਤੀਰਥ ਨਾਵੈ ਨਾ ਜਾਏ ਅਹੰਕਾਰਾ।

ਬਿਨ ਗੁਰ ਭੇਟੇ ਜਮੁ ਕਰੇ ਖੁਆਰਾ

ਇਸ ਤਰ੍ਹਾਂ ਗੁਰੂ ਦਾ ਸਿੱਖ ਆਪਣੇ ਜੀਵਨ ਦਾ ਪਲ-ਪਲ ਆਪਣੇ ਮਾਲਕ ਦੀ ਰਜ਼ਾ ਵਿਚ ਗੁਜ਼ਾਰਦਾ ਹੈ। ਜੀਵਨ ਮੁਕਤ ਭਾਵ ਵਹਿਮਾ-ਭਰਮਾਂ ਤੋਂ ਉਪਰ ਉਠ ਕੇ ਨਿਰਲੇਪ ਜ਼ਿੰਦਗੀ ਬਸਰ ਕਰਦਾ ਹੈ। ਉਸਦੇ ਹਰ ਕਰਮ ਵਿਚ, ਹਰ ਕਾਰਜ ਵਿਚ, ਹਰ ਸੁਆਸ ਵਿਚ ਸਤਿਗੁਰੂ ਹਾਜ਼ਰ-ਨਾਜ਼ਰ ਰਹਿੰਦਾ ਹੈ। ਜਦੋਂ ਸ਼ਰੀਰ ਵਿਚ ਹੁੰਦਾ ਹੈ ਉਦੋਂ ਵੀ ਅਤੇ ਜਦੋਂ ਸ਼ਰੀਰ ਤੋਂ ਅਲਗ ਹੋ ਜਾਂਦਾ ਹੈ ਤਾਂ ਵੀ ਉਸਦੀ ਆਤਮਾ ਨੂੰ ਅਪਣੇ ਵਿਰਾਟ ਸਵਰੂਪ ਨਿਰਾਕਾਰ ਪਾਰਬ੍ਰਹਮ ਵਿਚ ਇਕ-ਮਿਕ ਕਰ ਲੈਂਦਾ ਹੈ। ਫਿਰ ਦੋਨਾਂ ਨੂੰ ਅਲਗ-ਅਲਗ ਕਰਨਾ ਅਸੰਭਵ ਹੋ ਜਾਂਦਾ ਹੈ, ਦੋਨਾਂ ਦੀ ਅਲਗ ਪਹਿਚਾਣ ਖਤਮ ਹੋ ਜਾਂਦੀ ਹੈ ਅਤੇ ਇਕ-ਮਿਕ ਹੋ ਕੇ ਇਕ ਹੀ ਹੋ ਜਾਂਦੇ

ਸਤਿਗੁਰੂ ਪ੍ਰਵਚਨ

1ਜੂਲਾਈ 2008 (ਐਤਵਾਰ) ਨੂੰ ਸੁਜਾਨਪੁਰ ਟਿਹਰਾ ਵਿਚ ਹੋਏ ਹਿਮਾਚਲ ਪ੍ਰਦੇਸ਼ ਦੇ ਪੰਜਵੇਂ ਸੰਤ ਸਮਾਗਮ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਫਰਮਾਇਆ -

ਸਾਧ ਸੰਗਤ ਜੀ ਪ੍ਰੇਮ ਨਾਲ ਕਹਿਣਾ-
ਧੰਨ ਨਿਰੰਕਾਰ।

ਸਾਧ ਸੰਗਤ ਹਿਮਾਚਲ ਪ੍ਰਦੇਸ਼ ਦੇ ਪ੍ਰਾਂਤਿਕ ਸੰਤ ਸਮਾਗਮ ਦਾ ਇਹ ਸੁੰਦਰ ਰੂਪ ਵੇਖਣ ਨੂੰ ਮਿਲ ਰਿਹਾ ਹੈ, ਇਥੇ ਉਤਸ਼ਾਹ ਅਤੇ ਲਗਨ ਦੇ ਨਾਲ ਸਾਰੇ ਹਾਜ਼ਰ ਹੋਏ ਹਨ।

ਦੇਰ ਰਾਤ ਜਦ ਇਥੇ ਪਹੁੰਚਣਾ ਹੋਇਆ ਉਸ ਵਕਤ ਵੀ ਇਥੇ ਅਨੇਕਾਂ ਮਹਾਂਪੁਰਸ਼ ਮੌਜੂਦ ਸਨ, ਜੋ ਆਪਣੀ ਖੁਸ਼ੀ ਵੀ ਜ਼ਾਹਿਰ ਕਰ ਰਹੇ ਸਨ ਅਤੇ ਸੇਵਾ ਵਿਚ ਵੀ ਲੱਗੇ ਹੋਏ ਸਨ।ਅੱਜ ਸਵੇਰੇ ਮੈਦਾਨ ਦੇ ਲਾਗੇ-ਲਾਗੇ ਦੇ ਇਲਾਕੇ ਦੇ ਕੁਝ ਹਿੱਸੇ ਦੀਆਂ ਸੜਕਾਂ ਤੋਂ ਭਗਤਜਨ ਗੁਜਰਦੇ ਹੋਏ ਆਏ ਅਤੇ ਕੁਝ ਨੱਚ ਕੇ, ਕੁਝ ਗਾ ਕੇ ਸੱਚ ਦਾ ਪੈਗਾਮ ਦਿੱਤਾ। ਉਸਦੇ ਇਕਦਮ ਬਾਦ ਇਸੇ ਪੰਡਾਲ ਵਿਚ ਸਤਿਸੰਗ ਸ਼ੁਰੂ ਹੋ ਗਿਆ। ਹੁਣ ਤਕ ਜਿਸ ਜਿਸ ਨੇ ਵੀ ਆਪਣੇ ਭਾਵ ਪ੍ਰਗਟ ਕੀਤੇ, ਇੱਕ-ਇੱਕ ਸ਼ਬਦ ਯਥਾਰਥ ਅਤੇ ਕਲਿਆਣਕਾਰੀ ਵਚਨ ਸੀ। ਉਹਨੂੰ ਸੁਣ ਕੇ ਇਹ ਆਨੰਦ ਵੀ ਪ੍ਰਾਪਤ ਕਰਦੇ ਹਨ ਅਤੇ ਨਾਲ ਹੀ ਉਹਨਾਂ ਵਚਨਾਂ ਨੂੰ ਅਪਨਾ ਕੇ ਜੀਵਨ ਦਾ ਰੂਪ ਵੀ ਨਿਖਾਰਦੇ ਹਨ। ਹਰ ਕਿਸੇ ਨੂੰ ਇਹ ਸੱਚ ਦਾ ਸੰਦੇਸ਼ ਦੇਂਦੇ ਜਾ ਰਹੇ ਹਨ ਯੁਗਾਂ ਯੁਗਾਂ ਤੋਂ।

ਹੁਣੇ ਕੁਝ ਸਮਾਂ ਪਹਿਲਾਂ ਜਦ ਦਾਸ ਨੇ ਇਕ- ਦੋ ਮਿੰਟ ਭਾਵ ਪ੍ਰਗਟ ਕੀਤੇ, Media ਵਾਲਿਆਂ ਦੀ ਇੱਛਾ ਦੇ ਕਾਰਣ, ਉਸ ਵਿਚ ਵੀ ਦਾਸ ਕਹਿ ਰਿਹਾ ਸੀ ਕਿ ਦੇਸ-ਵਿਦੇਸ਼ ਦੇ ਅਨੇਕਾਂ ਹਿੱਸਿਆਂ ਵਿਚ ਜਾਣ ਦਾ ਮੌਕਾ ਮਿਲਦਾ ਹੈ।ਇਸ ਸਾਲ ਵੀ ਜਿਥੇ-ਜਿਥੇ ਜਾਣ ਦਾ ਮੌਕਾ ਬਣਿਆ, ਉਥੇ ਵੀ ਅਪਣੀਆਂ-ਅਪਣੀਆਂ ਭਾਸ਼ਾਵਾਂ ਹਨ ਪਰ ਮਹਾਂਪੁਰਸ਼ਾਂ ਦਾ ਸੰਦੇਸ਼ ਸਦਾ ਇਕੋ ਜਿਹਾ ਹੀ ਰਿਹਾ ਹੈ। ਅਜਿਹੇ ਹੀ ਸੁੰਦਰ ਨਜ਼ਾਰੇ ਹਰ ਸਥਾਨ ਤੇ ਵੇਖਣ ਨੂੰ ਮਿਲਦੇ ਹਨ।

ਪਿਛਲੇ ਦਿਨੀਂ ਇਥੋਂ ਲਈ ਧਿਆਨ ਆਇਆ ਕਿ ਸਮਾਗਮ ਹੋਵੇ ਪਾਲਮਪੁਰ ਦੇ ਇਲਾਕੇ ਵਿਚ, ਕਿਉਂ ਕਿ ਹਿਮਾਚਲ ਵਿਚ ਤਿੰਨ ਸਾਲ ਹੋ ਚੁੱਕੇ ਸਨ ਸਮਾਗਮ ਹੋਏ।

ਪਿਛਲੇ ਸਾਲ ਦੂਰ ਦੇਸ਼ਾਂ ਵਿਚ ਜਾਣਾ ਪਿਆ ਅਤੇ ਫਿਰ ਉਸਦੇ ਬਾਦ ਸਤੰਬਰ ਵਿਚ ਦੁਬਾਰਾ ਦਾਸ ਨੂੰ ਇੰਗਲੈਂਡ ਜਾਣਾ ਪਿਆ ਕਿਉਂਕਿ ਉਥੇ ਕਾਰਪੋਰੇਟ ਜਗਤ

ਵੀ ਮੀਟਿੰਗ ਸੀ, ਕਲ ਪਾਲਮਪੁਰ ਵਿਚ ਵੀ ਉਹਨਾਂ ਦੁਆਰਾ ਆਯੋਜਨ ਕੀਤਾ ਗਿਆ ਸੀ Environment (ਪਰਿਆਵਰਣ) ਦੇ ਉਪਰ। ਇਸ ਕਾਰਣ ਹਿਮਾਚਲ ਵਿਚ ਉਸ ਵਕਤ ਸਮਾਗਮ ਨਹੀਂ ਹੋ ਸਕਿਆ ਲੇਕਿਨ ਜਿਥੇ ਕਿਤੇ ਵੀ ਜਾਂਦੇ ਹਾਂ, ਰੂਪ ਭਾਵੇਂ ਬਦਲ ਜਾਂਦੇ ਹਨ, ਸੰਸਕ੍ਰਿਤੀਆਂ ਬਦਲ ਜਾਂਦੀਆਂ ਹਨ ਲੇਕਿਨ ਇਹ ਕਲਿਆਣ ਦਾ ਮਾਰਗ ਜੋ ਮਹਾਂਪੁਰਸ਼ਾਂ ਨੇ ਯੁਗਾਂ-ਯੁਗਾਂ ਤੋਂ ਦੱਸਿਆ ਹੈ, ਇਸ ਤੇ ਜੋ ਚਲ ਪੈਂਦਾ ਹੈ, ਉਹੀ ਮੁਕਤੀ ਪਾਉਂਦਾ ਹੈ। ਇਹ ਕਲਿਆਣ ਦਾ ਮਾਰਗ ਹਰ ਕਿਸੇ ਤੇ ਲਾਗੂ ਹੁੰਦਾ ਹੈ। ਇਸ ਲਈ ਹਰ ਕਿਸੇ ਨੂੰ ਇਹ ਪੈਗਾਮ ਦਿੱਤਾ ਜਾ ਰਿਹਾ ਹੈ। ਇਕ-ਇਕ ਮਾਨਵ ਨੂੰ ਮਹਾਂਪੁਰਸ਼ ਜਾਗਰੂਕ ਕਰਨ ਦੀ ਇੱਛਾ ਰੱਖਦੇ ਆਏ ਹਨ। ਗਫਲਤ ਦੀ ਨੀਂਦ ਤੋਂ ਸਾਰੇ ਜਾਗਣ, ਜਾਗਰੂਕਤਾ ਪ੍ਰਾਪਤ ਕਰਨ, ਅਜਿਹੀ Awareness (ਜਾਗ੍ਰਤੀ) ਆਏ, ਜਿਸਦੇ ਕਾਰਣ ਇਨਸਾਨ ਦਾ ਸੰਸਾਰ ਵਿਚ ਆਉਣਾ ਸਫਲ ਹੋਵੇ। ਮਹਾਂਪੁਰਸ਼ਾਂ ਦੇ ਇਹ ਯਤਨ ਪਰਉਪਕਾਰ ਦੀ ਭਾਵਨਾ ਨਾਲ ਭਰਪੂਰ ਹੁੰਦੇ ਹਨ ਤਾਂਕਿ ਕੋਈ ਵੀ ਇਸ ਪਹਿਲੂ ਤੋਂ ਅਛੂਤਾ ਨਾ ਰਹਿ ਜਾਏ। ਹਰ ਕੋਈ ਜਿਥੇ ਆਪਣੀ ਆਤਮਾ ਦਾ ਕਲਿਆਣ ਕਰੇ ਉਥੇ ਇਸ ਲੋਕ ਦੀ ਯਾਤਰਾ ਨੂੰ ਵੀ ਪ੍ਰੇਮਪੂਰਵਕ ਤੇਅ ਕਰੇ।

ਦਾਸ ਅਕਸਰ ਕਹਿੰਦਾ ਹੈ ਕਿ ਇਨਸਾਨ ਦਾ ਜਿਸਮ ਪ੍ਰਾਪਤ ਕਰ ਲੈਣ ਨਾਲ ਇਨਸਾਨ ਦੀ ਪਹਿਚਾਨ ਕਾਇਮ ਨਹੀਂ ਹੋ ਜਾਦੀ। ਇਹ ਪਹਿਚਾਨ ਬਣਦੀ ਹੈ ਤਦ, ਜਦ ਅਸੀਂ ਗੁਰੂ-ਪੀਰ-ਪੈਗੰਬਰਾਂ ਦੀਆਂ ਸਿਖਿਆਵਾਂ ਨੂੰ ਧਾਰਣ ਕਰਦੇ ਹਾਂ। ਜਦ ਆਪਣੀ ਫਿਤਰਤ ਇਨਸਾਨਾਂ ਵਾਲੀ ਬਣਾਉਂਦੇ ਹਾਂ। ਦੂਸਰਿਆਂ ਨੂੰ ਖੁਸ਼ੀ ਦੇਂਦੇ ਹਾਂ, ਦੂਸਰਿਆਂ ਦਾ ਸਹਾਰਾ ਬਣਦੇ ਹਾਂ। ਡਿਗੇ ਹੋਇਆਂ ਨੂੰ ਉਠਾਉਂਦੇ ਹਾਂ, ਰੋਂਦੇ ਹੋਇਆਂ ਨੂੰ ਹਸਾਉਂਦੇ ਹਾਂ, ਜਖ਼ਮਾਂ ਨੂੰ ਭਰਦੇ ਹਾਂ।ਇਸ ਤਰ੍ਹਾਂ ਦੇ ਜਦ ਕਰਮ ਕੀਤੇ ਜਾਂਦੇ ਹਨ, ਇਹਨਾਂ ਭਾਵਨਾਵਾਂ ਦੇ ਤਹਿਤ ਤਾਂ ਫਿਰ ਇਹ ਪਹਿਚਾਨ ਬਣਦੀ ਹੈ ਇਨਸਾਨ ਹੋਣ ਦੀ। ਇਨਸਾਨ ਦੇ ਜਿਸਮ ਨੂੰ ਪ੍ਰਾਪਤ ਕਰਕੇ ਵੀ ਇਨਸਾਨ ਹੈਵਾਨ ਕਿਉਂ ਕਹਾਉਂਦੇ ਹਨ? ਪਹਿਚਾਨ ਤਾਂ ਜਿਸਮ ਦੇ ਰੂਪ ਵਿਚ ਇਨਸਾਨ ਵਾਲੀ ਹੈ ਹੀ, ਇਨਸਾਨ ਦੇ ਘਰ ਪੈਦਾ ਹੋਇਆ ਹੈ, ਕਿਸੇ ਭਾਲੂ, ਕਿਸੇ ਸ਼ੇਰ ਜਾਂ ਚੀਤੇ ਦੇ ਘਰ ਨਹੀਂ। ਲੇਕਿਨ ਇਨਸਾਨ ਦੀ ਪਹਿਚਾਨ ਨਹੀਂ ਬਣੀ ਕਿਉਂਕਿ ਇਨਸਾਨੀਅਤ ਦੀ ਡਗਰ ਤੇ ਨਹੀਂ ਚਲਿਆ, ਵਿਪਰੀਤ ਭਾਵਨਾਵਾਂ ਦੇ ਤਹਿਤ ਜੀਵਨ ਬਿਤਾਂਦੇ ਚਲੇ ਗਏ; ਇਸ ਲਈ ਹੈਵਾਨ ਅਤੇ ਸ਼ੈਤਾਨ ਕਹਿਲਾਏ। ਹਿੰਸਕ ਵਾਤਾਵਰਣ, ਘੁਟਣ ਵਾਲਾ ਵਾਤਾਵਰਣ ਸਥਾਪਿਤ ਕਰਨ ਵਿਚ ਇਨਸਾਨਾਂ ਦਾ ਹੀ ਯੋਗਦਾਨ ਹੈ। ਇਸ ਲਈ ਕਿਹਾ ਵੀ ਹੈ ਕਿ -

ਕਰਤੂਤ ਪਸੂ ਕੀ ਮਾਨੁਸ ਜਾਤਿ

ਕਰਤੂਤ ਪਸ਼ੂਆਂ ਤੋਂ ਵੀ ਬਦਤਰ ਅਤੇ ਮਾਨੁਸ਼ ਜਾਤਿ ਵਿਚ ਆਇਆ ਹੈ। ਇਨਸਾਨ ਦੇ ਹੱਥੋਂ ਹੀ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ। ਕਲ ਵੀ Climatic Changes (ਜਲਵਾਯੂਪਰਿਵਰਤਨ) ਵਿਚ Spirituality (ਅਧਿਆਤਮ) ਦਾ Role (ਭੂਮਿਕਾ) ਕੀ ਹੈ, ਇਸਦੇ ਬਾਰੇ ਵਿਚ ਕੁਝ ਸ਼ਬਦ ਕਹਿਣ ਦਾ ਮੌਕਾ ਮਿਲਿਆ। ਉਥੇ ਦਾਸ ਇਹੀ ਕਹਿ ਰਿਹਾ ਸੀ ਕਿ ਇਸ ਧਰਤੀ ਤੇ ਇਨਸਾਨ ਵਿਚਰਣ ਕਰਦੇ ਹਨ। ਇਨਸਾਨਾਂ ਦਾ ਹੀ ਫਰਜ਼ ਹੈ ਕਿ ਉਹ ਸੋਚਣ। ਕਲ ਇਕ ਕਹਾਵਤ ਅੰਗ੍ਰੇਜ਼ੀ ਵਿਚ ਦਾਸ ਨੇ ਕਹੀ ਕਿ- We are not yet the passengers of this spaceship of earth but we are all the Crew members. ਧਰਤੀ ਨੂੰ Spaceship ਉਸਨੇ ਕਿਹਾ, ਕਿਉਂਕਿ ਇਹ ਧਰਤੀ ਵੀ ਤਾਂ Space ਵਿਚ ਹੀ ਹੈ। ਅਸੀਂ ਸਾਰੇ ਕੇਵਲ ਯਾਤਰੀ ਨਹੀਂ ਹਾਂ। ਅਸੀਂ ਇਸਦੇ Crew Members (ਵਾਹਕ ਮੈਂਬਰ) ਹਾਂ। ਅਜਿਹਾ ਨਹੀਂ ਹੈ ਕਿ ਇਸ ਧਰਤੀ ਦੇ ਬਾਕੀ ਸਾਰੇ ਸਿਲਸਿਲਿਆਂ ਨੂੰ ਠੀਕ ਰੱਖਣਾ ਦੂਸਰਿਆਂ ਦਾ ਕੰਮ ਹੈ, ਸਰਕਾਰਾਂ ਦਾ ਕੰਮ ਹੈ,ਕਿਸੇ organisations (ਸੰਗਠਨਾਂ) ਦਾ ਕੰਮ ਹੈ, ਨਹੀ! ਇਹ ਤਾਂ ਹਰ ਇਨਸਾਨ ਦਾ ਕੰਮ ਹੈ ਕਿਉਂਕਿ ਅਗਰ ਗੰਦਗੀ ਫੈਲਾਈ ਜਾਂਦੀ ਹੈ, ਉਸ ਵਿਚ ਅਸੀਂ ਵੀ ਤਾਂ ਸ਼ਾਮਿਲ ਹਾਂ, ਜਿਹੜੇ ਘਰਾਂ ਵਿਚ ਰਹਿੰਦੇ ਹਾਂ, ਜਿਸ ਮੁਹੱਲੇ ਵਿਚ ਰਹਿੰਦੇ ਹਾਂ। ਕੂੜਾ-ਕਰਕਟ ਬੇਤਹਾਸ਼ਾ ਅਸੀਂ ਸੁੱਟਦੇ ਜਾਂਦੇ ਹਾਂ। ਅਜਿਹਾ ਵਾਤਾਵਰਣ ਬਣਾਉਣ ਵਿਚ ਇਨਸਾਨਾਂ ਦਾ ਹੀ ਹੱਥ ਹੈ। ਹਥਿਆਰਾਂ -ਵਿਸਫੋਟਕਾਂ ਦਾ ਇਸਤੇਮਾਲ ਕੌਣ ਕਰ ਰਿਹਾ ਹੈ? ਕੋਈ ਕੁੱਤਾ ਜਾਂ ਸ਼ੇਰ ਆ ਕੇ ਭਰੇ ਬਾਜ਼ਾਰ ਵਿਚ ਬੰਬ ਨਹੀ ਸੁੱਟ ਜਾਂਦਾ। ਜਿਵੇਂ ਇੱਕ ਸ਼ਾਇਰ ਨੇ ਵੀ ਸਧਾਰਣ ਜਿਹੀਆਂ ਲਾਈਨਾਂ ਵਿਚ ਕਿਹਾ ਕਿ- ਪਸ਼ੂਆਂ ਵਿਚ ਤਾਂ ਦੋਨੋਂ ਵੱਖ-ਵੱਖ ਜਾਤੀ ਵਾਲੇ ਲੇਕਿਨ ਇਨਸਾਨ ਦੇ ਲਈ ਇਨਸਾਨ ਅਰਥਾਤ ਇਨਸਾਨ ਹੀ ਇਨਸਾਨ ਦਾ ਸਭ ਤੋਂ ਵੱਧ ਨੁਕਸਾਨ ਕਰਨ ਵਾਲਾ। ਇਹੀ ਪਰਿਆਵਰਣ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਕਾਰਣ ਬਣਿਆ ਹੈ, ਇਸ ਲਈ

ਇਹ ਜ਼ਿੰਮੇਦਾਰੀ ਹਰ ਕਿਸੇ ਦੇ ਉਪਰ ਹੈ। ਇਨਸਾਨ ਨੇ ਇਨਸਾਨ ਦੀ ਤਰ੍ਹਾਂ ਜੀਵਨ ਜੀਣਾ ਹੈ। ਮਹਾਂਪੁਰਸ -ਸੰਤ ਇਹ ਪੈਗਾਮ ਹਰ ਇਨਸਾਨ ਨੂੰ ਦੇਂਦੇ ਚਲੇ ਜਾ ਰਹੇ ਹਨ ਕਿ ਇਨਸਾਨ ਇਸ ਗੱਲ ਨੂੰ ਸਮਝੇ ਕਿ ਉਸਦੇ ਕੀ ਫਰਜ਼ ਹਨ। ਉਸ ਨੂੰ ਇਹ ਹੀਰੇ ਵਰਗਾ ਜਨਮ ਮਿਲਿਆ ਹੈ ਲੇਕਿਨ ਇਹ ਇਹਨੂੰ ਕੌਡੀਆਂ ਦੇ ਭਾਅ ਗਵਾ ਕੇ ਜਾਂਦਾ ਹੈ ਫਿਰ ਕੋਣ ਇਹਨੂੰ ਸਮਝਦਾਰ ਕਹੇ? ਇਹ ਨਾਸਮਝੀ, ਇਹ ਪਿਛੜਾਪਨ, ਕੋਈ ਅਗੇ ਵੱਧਣਾ ਤਾਂ ਨਹੀਂ ਮੰਨਿਆ ਜਾਏਗਾ। ਇਹਨੂੰ ਸਾਰੇ ਪਸ਼ੂ-ਪੰਛੀਆਂ ਦੇ ਮੁਕਾਬਲੇ ਵਿਚ ਸੋਚਣ ਦੀ ਵਧੇਰੇ ਸ਼ਕਤੀ ਮਿਲੀ, ਫਿਰ ਵੀ ਇਹ ਨਾ ਸਮਝੇ ਤਾਂ ਫਿਰ ਪਿਛੜਾਪਨ ਹੀ ਤਾਂ ਕਿਹਾ ਜਾਏਗਾ।

ਸਾਧ ਸੰਗਤ, ਕਹਿਣ ਦਾ ਭਾਵ ਇਹੀ ਹੈ ਕਿ ਭਗਤ-ਮਹਾਂਪੁਰਸ-ਸੰਤਜਨ ਇਹੀ ਚਾਹੁੰਦੇ ਹਨ ਕਿ ਇਨਸਾਨ ਜਾਗਰੂਕਤਾ ਨੂੰ ਪ੍ਰਾਪਤ ਕਰੇ ਅਤੇ ਇਸ ਗੱਲ ਨੂੰ ਸਮਝੇ, ਜਿਸਦੇ ਲਈ ਮਾਨਵ ਜੀਵਨ ਮਿਲਿਆ ਹੈ। ਜਿਵੇਂ ਮਹਾਂਪੁਰਸ਼ਾਂ-ਸੰਤਾਂ ਨੇ ਕਿਹਾ ਕਿ ਇਹ ਗੱਲ ਅਗਰ ਸਮਝ ਵਿਚ ਆ ਜਾਏ ਤਾਂ ਫਿਰ ਉਹ ਇਸ ਪ੍ਰਕਾਰ ਜੀਉਂਦਾ ਹੈ ਕਿ ਧਰਤੀ ਲਈ ਵਰਦਾਨ ਬਣ ਜਾਂਦਾ ਹੈ। ਪਹਿਲਾਂ ਵੀ ਮਹਾਂਪੁਰਸ਼ਾਂ ਨੇ ਕਿਹਾ ਕਿ ਇਨਸਾਨ ਤੂੰ ਧਰਮ ਦੀ ਪਰਿਭਾਸ਼ਾ ਨਹੀਂ ਸਮਝੀ ਇਸ ਲਈ ਧਰਮ ਦਾ ਕੀ-ਕੀ ਰੂਪ ਬਣਦਾ ਜਾ ਰਿਹਾ ਹੈ। ਤੂੰ ਆਪਣੇ ਆਪ ਨੂੰ ਧਰਮੀ ਤਾਂ ਮੰਨਦਾ ਹੈ ਲੇਕਿਨ ਧਰਮ ਦੀ ਸਾਰ ਜਾਣੇ ਬਗੈਰ। ਮਹਾਂਪੁਰਸ- ਸੰਤਜਨ ਇਹ ਵੀ ਕਹਿੰਦੇ ਹਨ ਕਿ—

ਗੱਲ ਸਮਝ ਲਈ ਤਾਂ ਰੌਲਾ ਕੀ
ਫਿਰ ਰਾਮ ਰਹੀਮ ਤੇ ਮੌਲਾ ਕੀ

ਇੱਕ ਗੱਲ ਸਮਝ ਲਈ ਤਾਂ ਬਖੇੜੇ ਖ਼ਤਮ ਹੋ ਗਏ, ਕੋਈ ਤਕਰਾਰ ਹੀ ਨਹੀਂ ਹੈ। ਫਿਰ ਕੋਈ ਹੈਵਾਨੀਅਤ ਨਹੀਂ ਹੈ। ਫਿਰ ਤਾਂ ਸੰਭਲਣਾ ਅਤੇ ਆਪਣੇ ਅਸਲੀ ਰੂਪ ਵਿਚ ਸਥਿਤ ਹੋ ਜਾਣਾ। ਮਹਾਂਪੁਰਸ਼ਾਂ ਦੇ ਯਤਨ ਇਹੀ ਰਹੇ ਹਨ ਕਿ ਇਹ ਗੱਲ ਦਿਲ-ਦਿਮਾਗ ਵਿਚ ਬੈਠ ਜਾਏ, ਇਹ ਗਿਆਨ ਦਾ ਉਜਾਲਾ ਸਥਾਪਿਤ ਹੋ ਜਾਏ, ਮਨ ਵਿਚੋਂ ਹਨ੍ਹੇਰਾ ਮਿਟ ਜਾਏ, ਉਜਵਲ ਰੂਪ ਇਨਸਾਨ ਦਾ ਵੇਖਣ ਨੂੰ ਮਿਲੇ। ਧਰਤੀ ਦੇ ਕਿਸੇ ਵੀ ਹਿੱਸੇ ਵਿਚ ਚਾਹੇ ਉਹ ਵੱਸਣ ਵਾਲਾ ਹੈ, ਉਹ ਫਿਰ ਵਰਦਾਨ ਹੀ ਬਣ ਜਾਏਗਾ। ਇਸ ਲਈ ਸੰਤ-ਮਹਾਤਮਾ-ਭਗਤਜਨ ਇਹ ਸੰਦੇਸ਼ ਦੇਂਦੇ ਜਾ ਰਹੇ ਹਨ ਕਿ ਇਨਸਾਨ ਤੂੰ ਉਸ ਪਾਸੇ ਗੌਰ ਕਰਨਾ ਹੈ, ਉਸਨੂੰ ਅਪਨਾਉਣਾ ਹੈ।

ਮਹਾਤਮਾ ਕਹਿੰਦੇ ਹਨ ਕਿ ਹੇ ਇਨਸਾਨ, ਤੂੰ ਭਰਮ ਵਿਚ ਪਿਆ ਰਹਿੰਦਾ ਹੈਂ ਤਦੇ ਕੁਝ ਦਾ ਕੁਝ ਹੋ ਜਾਂਦਾ ਹੈ। ਗੱਲ ਕੁਝ ਹੁੰਦੀ ਹੈ ਅਤੇ ਸਮਝ ਕੁਝ ਲੈਂਦੇ ਹੋ, ਇਸ ਤਰ੍ਹਾਂ ਤੇਰੀ ਦ੍ਰਿਸ਼ਟੀ ਵੀ ਉਸੇ ਅਨੁਸਾਰ ਵੇਖਦੀ ਹੈ। ਇਸ਼ਾਰਾ ਕੁਝ ਕੀਤਾ ਜਾ ਰਿਹਾ ਹੈ ਅਤੇ ਤੇਰੇ ਦਿਮਾਗ ਵਿਚ ਕੁਝ ਹੋਰ ਹੀ ਬੈਠ ਰਿਹਾ ਹੈ। ਜਿਵੇਂ ਦਾਸ ਅਕਸਰ ਮਿਸਾਲ ਦੇਂਦਾ ਹੈ ਕਿ ਇੱਕ ਮਹਾਤਮਾ ਨੇ ਉਂਗਲੀ ਨਾਲ ਕੁਝ ਇਸ਼ਾਰਾ ਕੀਤਾ। ਉਸਦੇ ਕੋਲ ਖੜੇ ਉਸਦੇ ਚੇਲੇ ਉਸਦੀ ਉਂਗਲੀ ਵੱਲ ਟਕਟਕੀ ਲਗਾ ਕੇ ਵੇਖੀ ਜਾ ਰਹੇ ਸਨ। ਮਹਾਤਮਾ ਨੇ ਇਹ ਵੇਖਿਆ ਤਾਂ ਕਿਹਾ ਕਿ ਮੈਂ ਕਿਸੇ ਹੋਰ ਚੀਜ਼ ਵੱਲ ਇਸ਼ਾਰਾ ਕਰ ਰਿਹਾ ਹਾਂ, ਉਸ ਵੱਲ ਵੇਖੋ। ਇਸੇ ਤਰ੍ਹਾਂ ਕਿਹਾ ਕੁਝ ਜਾਂਦਾ ਹੈ ਅਤੇ ਸਮਝਦੇ ਅਸੀਂ ਕੀ ਹਾਂ? ਅਸੀਂ ਧਰਮ ਦੀ ਮੂਲ ਪਰਿਭਾਸ਼ਾ ਨੂੰ ਕੁਝ ਹੋਰ ਹੀ ਰੂਪ ਦੇ ਦੇਂਦੇ ਹਾਂ। ਸ਼ਾਇਰ ਇਕਬਾਲ ਨੇ ਜਦ ਇਹ ਕਿਹਾ ਸੀ ਕਿ- ਮਜ਼ਹੱਬ ਨਹੀ ਸਿਖਾਤਾ ਆਪਸ ਮੇਂ ਵੈਰ ਰੱਖਣਾ ਤਾਂ ਅਸੀਂ ਸ਼ਾਇਦ ਇਹ ਸਮਝ ਬੈਠੇ ਕਿ ਕਿਹਾ ਗਿਆ ਹੈ ਕਿ

ਮਜ਼ਹੱਬ ਨਹੀ ਸਿਖਾਤਾ ਆਪਸ ਮੇਂ ਪਿਆਰ ਕਰਨਾ

ਕਹਿਣ ਦਾ ਭਾਵ ਇਹੀ ਹੈ ਕਿ ਕਿਹਾ ਕੁਝ

ਜਾਂਦਾ ਹੈ ਅਤੇ ਸਮਝਿਆ ਕੁਝ ਹੋਰ ਜਾਂਦਾ ਹੈ। ਗੁਰੂ-ਪੀਰ-ਪੈਗੰਬਰਾਂ ਦੇ ਆਦੇਸ਼ ਕੁਝ ਹੁੰਦੇ ਹਨ, ਅਸੀਂ ਉਹਨਾਂ ਨੂੰ ਸਵਰੂਪ ਕੁਝ ਹੋਰ ਦੇ ਦੇਂਦੇ ਹਾਂ। ਇਸੇ ਤਰ੍ਹਾਂ ਅਗਿਆਨਤਾ ਦੇ ਹਨ੍ਹੇਰੇ ਵਿਚ ਵਿਚਰਨ ਕਰਦੇ ਹਾਂ।

ਇੱਕ ਸੱਜਣ ਕਹਿਣ ਲੱਗੇ ਕਿ ਮੈਂ ਭਰਮ ਵਿਚ ਪਿਆ ਰਿਹਾ। ਦੂਜੇ ਨੇ ਪੁੱਛਿਆ ਕਿ ਕਿਵੇਂ? ਤਾਂ ਕਹਿਣ ਲੱਗਾ ਕਿ ਇੱਕ ਭੈਣ ਜੀ ਨੂੰ ਬੜੀ ਦੇਰ ਤਕ ਵੇਖਿਆ ਕਿ ਕੰਨ ਤੇ ਹੱਥ ਲਗਾ ਕੇ ਬੈਠੇ ਹੋਏ, ਥੋੜੀ ਦੇਰ ਬਾਦ ਵੇਖਿਆ ਤਾਂ ਹਾਲਾਂ ਵੀ ਕੰਨ ਤੇ ਹੱਥ ਲੱਗਾ ਹੋਇਆ ਸੀ, 10 ਮਿੰਟ, 15 ਮਿੰਟ, 20 ਮਿੰਟ ਗੁਜ਼ਰੇ,ਮੈਂ ਵੇਖਿਆ ਕਿ ਐਨੀ ਦੇਰ ਤੋਂ ਸ਼ਾਇਦ ਇਹਨਾਂ ਦੇ ਕੰਨ ਵਿਚ ਦਰਦ ਹੋ ਰਿਹਾ ਹੈ। ਜਦ ਮੈਂ ਕਿਸੇ ਭੈਣ ਜੀ ਨੂੰ ਕਿਹਾ ਕਿ ਜਾ ਕੇ ਵੇਖੋ ਸ਼ਾਇਦ ਤਕਲੀਫ ਵਿਚ ਲੱਗਦੀ ਹੈ ਤਾਂ ਉਹ ਭੈਣ ਜੀ ਮੁਸਕਰਾ ਕੇ ਬੋਲੀ ਕਿ ਉਹਨਾਂ ਦੇ ਕੰਨ ਵਿਚ ਦਰਦ ਨਹੀਂ ਸੀ ਬਲਕਿ ਚੁੰਨੀ ਦੇ ਪੱਲੂ ਅੰਦਰ ਉਹਨਾਂ ਨੇ ਮੋਬਾਇਲ ਆਪਣੇ ਕੰਨ ਤੇ ਲਗਾਇਆ ਹੋਇਆ ਸੀ ਅਤੇ ਉਹ ਗੱਲਾਂ ਕਰ ਰਹੇ ਸਨ। ਕਹਿਣ ਦਾ ਭਾਵ ਕਿ ਸਮਝ ਦਾ ਫਰਕ ਹੈ।

ਇਕ ਇਨਸਾਨ ਲੰਗੜਾ ਕੇ ਆ ਰਿਹਾ ਸੀ। ਕੁਝ ਇਨਸਾਨ ਖੜੇ ਹੋਏ ; ਇੱਕ ਕਹਿਣ ਲੱਗਾ — ਵੇਖੋ ਇਹ ਲੰਗੜਾ ਕੇ ਆ ਰਿਹਾ ਹੈ। ਇਸਨੂੰ ਬਚਪਨ ਵਿਚ ਪੋਲੀਉ ਹੋਇਆ ਹੋਏਗਾ। ਦੂਸਰਾ ਕਹਿੰਦਾ ਹੈ ਕਿ ਨਹੀਂ ਕੋਈ ਐਕਸੀਡੈਂਟ (ਦੁਰਘਟਨਾ) ਹੋਇਆ ਹੋਏਗਾ। ਕੋਈ ਕਹਿੰਦਾ ਹੈ ਕਿ ਨਹੀਂ ਇਸਦੇ ਗੋਡੇ ਵਿਚ ਕੋਈ ਸਮੱਸਿਆ ਹੋਵੇਗੀ। ਇਸ ਤਰ੍ਹਾਂ ਅਨੁਮਾਨ ਲਗਾ ਰਹੇ ਸਨ। ਉਹ ਜਦ ਨੇੜੇ ਆਇਆ ਤਾਂ ਪੁੱਛਣ ਤੇ ਕਹਿਣ ਲੱਗਾ— ਮੇਰੀ ਹਵਾਈ ਚੱਪਲ ਦੀ ਸਟਰੇਪ (ਪੱਟੀ) ਟੁੱਟੀ ਹੋਈ ਹੈ। ਗੱਲ ਕੀ ਸੀ ਤੇ ਸਮਝਿਆ ਕੀ ਜਾ ਰਿਹਾ ਹੈ। ਇਸ ਤਰ੍ਹਾਂ ਕਹਿਣ ਦਾ ਭਾਵ ਕਿ ਮਹਾਂਪੁਰਸ਼-ਸੰਤਜਨਾਂ ਨੇ ਧਰਮ ਦਾ ਅਸਲੀ ਰੂਪ ਦੱਸਿਆ ਹੈ ਲੇਕਿਨ ਸਮਝਿਆ ਕੁਝ ਹੋਰ ਜਾ ਰਿਹਾ ਹੈ। ਮਹਾਂਪੁਰਸ਼ ਕਹਿੰਦੇ ਆ ਰਹੇ ਹਨ ਕਿ ਪ੍ਰਮਾਤਮਾ ਸਰਵਵਿਆਪੀ ਹੈ ਅਤੇ ਅਸੀਂ ਹਾਂ ਕਿ ਇਸੇ ਪ੍ਰਮਾਤਮਾ ਨੂੰ ਕਿਤੇ ਸੱਤ ਅਸਮਾਨਾਂ ਦੇ ਉਪਰ ਮੰਨ ਬੈਠੇ ਹਾਂ। ਇਹ ਅਗਿਆਨਤਾ ਹੀ ਤਾਂ ਹੈ ਇਸ ਲਈ ਗੱਲ ਫਿਰ ਉਹੀ ਮੁੜਕੇ ਆਏਗੀ ਕਿ ਅਗਿਆਨਤਾ ਦੇ ਕਾਰਣ ਭਰਮ ਹਨ।

ਪਿਛੇ ਵੀ ਗੁਜਰਾਤ ਦੇ ਜਾਮਨਗਰ ਵਿਚ ਜਾਣ ਦਾ ਮੌਕਾ ਮਿਲਿਆ ਤਾਂ ਇਕਦਮ ਧਿਆਨ ਵਿਚ ਗੱਲ ਆਈ ਕਿ ਇਹ ਜਾਮ ਨਗਰ ਹੈ। ਕਿਹੋ-ਕਿਹੋ ਜਿਹੇ ਮਾਇਨੇ ਇਸਦੇ ਮਨ ਵਿਚ ਲਏ ਗਏ ਹੋਣਗੇ। ਕੋਈ ਕਹਿੰਦਾ ਹੋਏਗਾ ਕਿ ਇਥੇ ਸ਼ਾਇਦ ਟ੍ਰੈਫਿਕ ਜਾਮ ਹੀ ਰਹਿੰਦਾ ਹੋਏਗਾ, ਇਸਲਈ ਜਾਮ ਨਗਰ ਪਿਆ ਨਾਮ। ਕੋਈ ਸੋਚਦਾ ਹੋਏਗਾ ਕਿ ਇਥੇ ਸ਼ਾਇਦ ਸ਼ਰਾਬ ਦੇ ਠੇਕੇ ਜ਼ਿਆਦਾ ਹੋਣਗੇ, ਜਾਮ ਤੇ ਜਾਮ ਚਲਦੇ ਹੋਣਗੇ, ਇਸ ਲਈ ਜਾਮ ਨਗਰ ਨਾਮ ਪਿਆ। ਹੈਦਰਾਬਾਦ ਦਾ ਵਾਸੀ ਅਗਰ ਜਾਮ ਨਗਰ ਸ਼ਬਦ ਸੁਣਦਾ ਹੋਏਗਾ, ਤਾਂ

ਤੇਲਗੂ ਭਾਸ਼ਾ ਵਿਚ ਅਮਰੂਦ ਨੂੰ ਜਾਮ ਕਹਿੰਦੇ ਹਨ) ਉਹ ਸੋਚਦਾ ਹੋਏਗਾ ਕਿ ਸ਼ਾਇਦ ਉਥੇ ਅਮਰੂਦ ਦੀ ਪੈਦਾਵਾਰ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਜਾਮ ਨਗਰ ਇਕ ਸ਼ਬਦ ਹੈ ਲੇਕਿਨ ਕਲਪਨਾ ਵਿਚ ਵੱਖ-ਵੱਖ ਗੱਲਾਂ ਬਣੀਆਂ ਹੋਈਆਂ ਹਨ। ਇਸ ਤਰ੍ਹਾਂ ਕਿੰਨੇ-ਕਿੰਨੇ ਭੁਲੇਖੇ? ਕੋਈ ਰਾਮ ਕਹਿੰਦਾ ਹੈ, ਕੋਈ ਅੱਲ੍ਹਾ, ਈਸ਼ਵਰ, ਗਾਡ, ਅਕਾਲਪੁਰਖ ਆਦਿ ਅਨੇਕਾਂ ਨਾਮ ਹਨ ਇਸ ਪਰਮਹੋਦ ਦੇ ਲੇਕਿਨ ਸੱਤਾ ਤਾ ਇੱਕ ਹੀ ਹੈ। ਇਹ ਜਾਗਰੂਕਤਾ ਅਗਰ ਮਿਲ ਗਈ ਤਾਂ ਫਿਰ ਕੋਈ ਭਰਮ ਬਾਕੀ ਨਹੀਂ ਰਿਹਾ। ਫਿਰ ਸਚਾਈ ਵਿਚ ਸਥਿਤ ਹੋ ਗਏ।

ਸਾਧ ਸੰਗਤ, ਕਹਿਣ ਦਾ ਭਾਵ ਇਹੀ ਹੈ ਕਿ ਅਗਰ ਅਗਿਆਨਤਾ ਵਿਚ ਇਨਸਾਨ ਵਿਚਰਣ ਕਰੇ ਤਾਂ ਅਗਿਆਨਤਾ ਬਣੀ ਰਹਿੰਦੀ ਹੈ। ਪੀੜੀ ਦਰ ਪੀੜੀ ਤਕ ਅਗਿਆਨਤਾ ਚਲਦੀ ਜਾਂਦੀ ਹੈ ਕਿਉਂਕਿ ਗੱਲ ਦੀ ਸਮਝ ਨਹੀਂ। ਜਿਵੇਂ ਉਹ ਵੀ ਕਦੀ ਸਮਾਂ ਸੀ ਜਦ ਇਹ ਮਾਨਤਾ ਸੀ ਕਿ ਇਹ ਧਰਤੀ ਚਪਟੀ ਹੈ। ਇਹ ਗੱਲ ਪੀੜੀਆਂ ਤੋਂ ਚਲੀ ਆ ਰਹੀ ਸੀ। ਲੇਕਿਨ ਇਕ ਦਿਨ ਕਿਸੇ ਨੇ ਵੇਖਿਆ ਕਿ ਇੱਕ ਸਮੁੰਦਰੀ ਜਹਾਜ਼ ਆ ਰਿਹਾ ਹੈ। ਉਸ ਜਹਾਜ਼ ਦਾ ਕਪੜਾ, ਜੋ ਉਚਾ ਬੰਨਿਆ ਹੁੰਦਾ ਹੈ, ਉਸਦਾ ਉਪਰੀ ਹਿੱਸਾ ਵੇਖਿਆ, ਥੋੜੀ ਦੇਰ ਬਾਦ ਕੁਝ ਹੋਰ ਜ਼ਿਆਦਾ ਨਜ਼ਰ ਆਇਆ, ਥੋੜੀ ਦੇਰ ਦੇ ਬਾਦ ਹੋਰ ਨਜ਼ਰ ਆਇਆ। ਜਿਉਂ-ਜਿਉਂ ਜਹਾਜ਼ ਨੇੜੇ ਆ ਰਿਹਾ ਸੀ ਉਸਦਾ ਹੋਰ ਜ਼ਿਆਦਾ ਹਿੱਸਾ ਨਜ਼ਰ ਆ ਰਿਹਾ ਸੀ। ਫਿਰ ਪੂਰਾ ਜਹਾਜ਼ ਨਜ਼ਰ ਆਉਣ ਲੱਗਾ। ਇਸ ਨਾਲ ਉਸਦੇ ਮਨ ਵਿਚ ਆਇਆ ਕਿ ਇਹ ਧਰਤੀ ਚਪਟੀ ਨਹੀਂ ਹੋ ਸਕਦੀ। ਇਹ ਤਾਂ ਗੋਲ ਹੈ, ਇਸ ਲਈ ਪਹਿਲਾਂ ਉਪਰ ਦਾ ਹਿੱਸਾ ਨਜ਼ਰ ਆਇਆ, ਥੋੜੀ ਦੇਰ ਦੇ ਬਾਦ ਥੋੜਾ ਹੋਰ ਹਿੱਸਾ ਨਜ਼ਰ ਆਇਆ ਤਾ ਇਹ ਧਰਤੀ ਗੋਲ ਹੈ। ਜਦ ਉਸਨੇ ਇਹ ਕਿਹਾ ਤਾ ਪੈ ਗਏ ਸਾਰੇ ਉਸਦੇ ਪਿਛੇ। ਉਹ ਜਿਸ ਗਲੀ ਤੋਂ ਗੁਜ਼ਰੇ, ਸਾਰੇ ਉਸਦਾ ਮਜ਼ਾਕ ਉਡਾਉਣ। ਅਜਿਹੀ ਨੌਬਤ ਵੀ ਆ ਗਈ ਕਿ ਕੇਵਲ ਹਾਸਾ ਹੀ ਨਹੀਂ ਉਡਾ ਰਹੇ ਬਲਕਿ ਧੱਕਾ ਵੀ ਦੇਣ ਲੱਗੇ। ਉਸਦੀ ਕੁਟਾਈ ਵੀ ਕਰਨ ਲੱਗੇ। ਇਹ ਵੀ ਕਹਿਣ ਵਾਲੇ ਆ ਗਏ ਕਿ ਇਸਨੂੰ ਜ਼ਿੰਦਾ ਜਲਾ ਦਿਉ। ਬਾਦ ਵਿਚ ਪਤਾ ਲੱਗਾ ਕਿ ਉਹ ਆਦਮੀ ਠੀਕ ਸੀ, ਧਰਤੀ ਗੋਲ ਹੀ ਹੈ। ਇਸੇ ਤਰ੍ਹਾਂ ਅਗਿਆਨਤਾ ਵਿਚ ਇਨਸਾਨ ਵਿਚਰਣ ਕਰਦੇ ਰਹਿੰਦੇ ਹਨ। ਮਹਾਂਪੁਰਸ਼ ਕਹਿੰਦੇ ਹਨ ਕਿ —ਗਿਆਨ ਉਜਾਲਾ ਪਾ ਲਉ ਅਤੇ ਸਾਰੇ ਭਰਮ ਮਿਟਾ ਲਉ।

ਜਿਸ ਦਿਨ ਸਚਾਈ ਨਾਲ ਸਾਹਮਣਾ ਹੋ ਗਿਆ, ਅਗਿਆਨਤਾ ਵਾਲੀਆਂ ਮਾਨਤਾਵਾਂ ਤੋਂ ਨਿਜਾਤ ਮਿਲ ਗਈ, ਫਿਰ ਅਗੇ ਆਵਾਜ਼ ਦੇਣ ਲੱਗੇ। ਕਬੀਰ ਜੀ ਨੇ ਵੀ ਕਿਹਾ ਕਿ ਮੈਂ ਜਾਣ ਲਿਆ ਹੈ ਤੁਸੀਂ ਵੀ ਜਾਣ ਲਉ। ਬੁਲ੍ਹੇ ਸ਼ਾਹ ਜੀ ਨੇ ਵੀ ਕਿਹਾ ਕਿ ਮੈਂ ਜਾਣ ਲਿਆ ਹੈ ਤੁਸੀਂ ਵੀ ਜਾਣ ਲਉ। ਹਰ ਮਹਾਤਮਾ ਦੇ ਸੰਦੇਸ਼ ਇਹੀ ਰਹੇ ਹਨ ਤਾਂ ਕਿ ਹਰ ਇਨਸਾਨ ਇਸ ਰੋਸ਼ਨੀ ਦੇ

ਜਿਹੜੇ ਹੀ ਜੀਵਨ ਦੇ ਸਫਰ ਨੂੰ ਤੈਅ ਕਰੇ। ਜਿਵੇਂ ਕਿਹਾ ਹੈ ਕਿ -

ਏਕ ਦੀਪ ਅੰਦਰ ਕਿ ਮਨ ਉਜਿਆਰਾ ਹੋ।
ਏਕ ਦੀਪ ਬਾਹਰ ਕਿ ਸਵਾਗਤ ਤੁਮਹਾਰਾ ਹੋ।
ਏਕ ਦੀਪ ਚੌਰਾਹੇ ਪਰ ਕਿ ਸਭ ਕਾ ਸਹਾਰਾ ਹੋ।

ਇਸ ਤਰ੍ਹਾਂ ਭਗਤ ਉਹੀ ਹੁੰਦੇ ਹਨ ਜਿਹਨਾਂ ਦੀ ਆਤਮਾ ਵੀ ਰੋਸ਼ਨ ਹੋਵੇ, ਮਨ ਵੀ ਰੋਸ਼ਨ ਹੋਵੇ। ਅਗੇ ਕਹਿੰਦੇ ਹਨ ਕਿ- ਸੁਆਗਤ ਤੁਮਹਾਰਾ ਹੋ।ਕਿਉਂ ਕਿ ਸੁਆਗਮਤ ਵਿਚ ਦੋਨੋ ਬਾਹਾਂ ਖੁਲ ਗਈਆਂ। ਪਿਆਰ- ਸਨੇਹ ਜਾਗ ਗਿਆ। ਅਪਣੇਪਨ ਦੀ ਭਾਵਨਾ ਪੈਦਾ ਹੋ ਗਈ। ਜਦ ਗਿਆਨ ਦੇ ਦੀਪ ਜਗ ਜਾਂਦੇ ਹਨ ਤਾਂ ਮਨ ਵਿਚ ਅਪਣਾਪਨ ਪੈਦਾ ਹੋ ਜਾਂਦਾ ਹੈ। ਫਿਰ ਕੋਈ ਪਰਾਇਆ ਨਹੀਂ, ਫਿਰ ਸਾਰੇ ਆਪਣੇ ਹਨ ਤਾਂ ਸੁਆਗਤ ਤੁਮਹਾਰਾ ਹੋ ਅਤੇ ਇੱਕ ਦੀਪ ਚੌਰਾਹੇ ਪਰ ਕਿ ਸਭ ਕਾ ਸਹਾਰਾ ਹੋ। ਇਸ ਤਰ੍ਹਾਂ ਸੰਤ ਹਰ ਕਿਸੇ ਦੇ ਉਪਰ ਉਪਕਾਰ ਕਰਦੇ ਚਲੇ ਜਾਂਦੇ ਹਨ ਤਾਂ ਕਿ ਇਨਸਾਨ ਜਾਗਰੂਕ ਹੋ ਜਾਏ, ਇਸ ਸਚਾਈ ਵਿਚ ਸਥਿਤ ਹੋ ਜਾਏ। ਜੀਵਨ ਦਾ ਮਹੱਤਵ ਕਿਸਦੇ ਕਾਰਣ ਹੈ, ਇਹ ਅਸੀਂ ਜਾਣੀਏ। ਜਦ ਇਹ ਜਾਣ ਲਵਾਂਗੇ ਤਾਂ ਜੀਵਨ ਜੀਣ ਦਾ ਵੀ ਸਲੀਕਾ ਆ ਜਾਏਗਾ। ਜਦ ਸਮਝ ਲਿਆ ਕਿ ਪਿਆਰ ਨਾਲ ਹੀ ਜੀਣਾ ਹੈ, ਨਫ਼ਰਤ ਨਾਲ ਜੀਣਾ ਤਾਂ ਜੀਅ ਕੇ ਵੀ ਮ੍ਰਿਤ ਹੋਣ ਦੇ ਸਮਾਨ ਹੈ, ਇਸ ਤਰ੍ਹਾਂ ਅਗਰ ਪਿਆਰ ਅਤੇ ਪਰਉਪਕਾਰ ਦੀ ਭਾਵਨਾ ਨਾਲ ਨਹੀਂ ਜੀਅ ਸਕੇ ਤਾਂ ਸਾਹ ਤਾਂ ਬੇਸ਼ੱਕ ਚਲ ਰਹੀ ਹੈ ਲੇਕਿਨ ਲਾਸ਼ ਤੋਂ ਜ਼ਿਆਦਾ ਨਹੀਂ ਹੈ। ਅਗਰ ਸੁੰਦਰ ਭਾਵਨਾਵਾਂ ਨਾਲ ਭਰਪੂਰ ਹੋ ਕੇ ਨੇਕ ਜੀਵਨ ਜੀਅ ਰਹੇ ਹਾਂ ਤਾਂ ਹੀ ਇਨਸਾਨ ਹੋਣ ਦੀ ਪਹਿਚਾਨ ਸਥਾਪਿਤ ਕਰ ਰਹੇ ਹਾਂ।

ਮਹਾਂਪੁਰਸ਼-ਸੰਤਜਨ ਕਹਿੰਦੇ ਹਨ ਕਿ ਇਕ ਪਾਸੇ ਤਾਂ 21ਵੀਂ ਸਦੀ ਵਿਚ ਅਸੀਂ ਪਹੁੰਚ ਗਏ, ਦੂਸਰੇ ਪਾਸੇ ਕਿੰਨਾ ਅਸੀਂ ਪਿਛੜੀ ਜਾ ਰਹੇ ਹਾਂ। ਕਿੰਨੀ ਹਿੰਸਾ ਅਤੇ ਨਫ਼ਰਤ ਵਧਦੀ ਜਾ ਰਹੀ ਹੈ। ਇਹ ਕਾਹਦੀ ਤਰੱਕੀ? ਅਜਿਹੇ ਹਾਲਾਤ, ਜੋ ਸ਼ਾਇਰ ਦਾ ਸ਼ੇਅਰ ਦਾਸ ਅਕਸਰ ਕਹਿੰਦਾ ਆ ਰਿਹਾ ਹੈ ਕਿ –

ਸਦੀਉਂ ਕੀ ਤਹਿਜ਼ੀਬ ਕੋ, ਭੁਲਾ ਡਾਲਾ ਹੈ।
ਪੜੋਸੀ ਨੇ ਪੜੋਸੀ ਕਾ ਘਰ ਜਲਾ ਡਾਲਾ ਹੈ।

ਇਸ ਤਰ੍ਹਾਂ ਸਦੀਆਂ ਦੀ ਤਹਿਜ਼ੀਬ ਕਿ ਉਹ ਵੀ ਸਮੇਂ ਹੁੰਦੇ ਸਨ ਜਦ ਗਵਾਂਢੀ ਇਕ ਦੂਸਰੇ ਨੂੰ ਪਰਿਵਾਰ ਦਾ ਮੈਂਬਰ ਮੰਨਦੇ ਸਨ। ਪੂਰੇ ਪਿੰਡ ਦੇ ਪਰਿਵਾਰ ਇੱਕ-ਦੂਸਰੇ ਦਾ ਅੰਗ ਪਰਸਪਰ ਮੰਨਦੇ ਸਨ ਲੇਕਿਨ ਹਾਲਾਤ ਅਜਿਹੇ ਹੋ ਗਏ ਹਨ ਕਿ ਧਰਮ ਨੇ ਵੀ ਸਾਡੇ ਮਨਾਂ ਵਿਚ ਐਨਾ ਜਹਿਰ ਘੋਲ ਦਿੱਤਾ ਕਿ ਇੱਕ-ਦੂਸਰੇ ਦੀ ਜਾਨ ਦੇ ਵੈਰੀ ਬਣ ਗਏ। ਉਹ ਕਹਾਵਤ ਧਿਆਨ ਵਿਚ ਆਉਂਦੀ ਹੈ ਕਿ ਉਹ ਵੀ ਸਮਾਂ ਸੀ ਜਦ ਕੱਚੇ ਮਕਾਨ ਸਨ ਲੇਕਿਨ ਘਰ ਪੱਕੇ ਸਨ। ਹੁਣ ਮਕਾਨ ਪੱਕੇ ਹਨ ਲੇਕਿਨ ਘਰ ਕੱਚੇ ਹੁੰਦੇ ਜਾ ਰਹੇ ਹਨ। ਸਾਡੇ ਸੰਬੰਧਾਂ ਵਿਚੋਂ ਵੀ ਪਿਆਰ ਰੂਪੀ ਸੂਤਰ ਟੁੱਟ ਚੁੱਕਾ ਹੈ। ਪਹਿਲਾਂ ਵੀ ਮਹਾਂਪੁਰਸ਼ਾਂ ਨੇ ਕਿਹਾ ਕਿ ਪਿਆਰ ਇੱਕ ਅਜਿਹਾ ਧਾਗਾ ਹੈ ਜਿਸ ਤੇ ਅਗਰ ਵਾਰ ਕਰਦੇ ਰਹੀਏ ਤਾਂ ਇਹ ਕਮਜ਼ੋਰ ਹੁੰਦਾ-ਹੁੰਦਾ ਟੁੱਟ ਜਾਂਦਾ ਹੈ। ਜਿਵੇਂ ਕਿਹਾ ਹੈ-

ਰਹਿਮਨ ਧਾਗਾ ਪ੍ਰੇਮ ਕਾ ਮਤ ਤੋੜੋ ਚਟਕਾਏ,
ਟੂਟੇ ਸੇ ਫਿਰ ਨਾ ਜੁੜੇ ਜੁੜੇ ਗਾਂਠ ਪੜ ਜਾਏ।

ਇਸ ਧਾਗੇ ਨੂੰ ਮਜ਼ਬੂਤ ਕਰਦੇ ਜਾਣਾ ਹੈ। ਪਿਆਰ ਘਰਾਂ ਵਿਚ ਵੀ ਵਸ ਜਾਏ, ਇੱਕ- ਇੱਕ ਮਨ ਵਿਚ ਵਸ ਜਾਏ ਤਾਂ ਫਿਰ ਵਾਕਈ ਘਰ ਸਵਰਗ ਬਣ ਜਾਣ। ਵਾਕਈ ਇਹ ਭਗਤਜਨ ਹਨ, ਜਿਹਨਾਂ ਦੇ ਮਨ ਵਿਚ ਪੀੜਾ ਹੁੰਦੀ ਹੈ ਹਰ ਇਨਸਾਨ ਦੇ ਲਈ। ਐਨੀਆਂ-ਐਨੀਆਂ ਕੁਰਬਾਨੀਆਂ ਵੀ ਦੇ ਦੇਂਦੇ ਹਨ। ਖੁਦ ਆਪ ਆਰਾਮ ਨਹੀਂ ਕਰਦੇ ਦੂਸਰਿਆਂ ਅੰਦਰ ਜਾਗਰੂਕਤਾ ਲਿਆਉਣ ਲਈ ਅਜਿਹੇ ਯੋਗਦਾਨ ਦੇਂਦੇ ਚਲੇ ਜਾਂਦੇ ਹਨ ਅਤੇ ਜਿਵੇਂ ਕਹਿਣ ਵਾਲਿਆਂ ਨੇ ਕਿਹਾ ਹੈ ਕਿ -

ਅਪਨੇ ਘਰ ਸੇ ਉਜੜਕਰ ਦੂਸਰੋਂ ਕਾ ਘਰ ਬਸਾਤੇ ਹੈਂ,
ਫੂਲ ਫਿਰ ਵੀ ਮੁਸਕਰਾਤੇ ਹੈਂ

ਫੁੱਲਾਂ ਦਾ ਘਰ ਕਿਹੜਾ? ਜਿਸ ਟਹਿਣੀ ਤੇ ਲੱਗਾ ਹੁੰਦਾ ਹੈ ਉਹੀ ਉਸਦਾ ਘਰ ਹੁੰਦਾ ਹੈ ਲੇਕਿਨ ਉਸੇ ਟਹਿਣੀ ਤੋਂ ਟੁੱਟਿਆ ਹੋਇਆ ਫੁੱਲ ਕਿੰਨਿਆਂ-ਕਿੰਨਿਆਂ ਨੂੰ ਸੰਵਾਰ ਰਿਹਾ ਹੈ। ਕੋਈ ਉਸ ਨੂੰ ਹਾਰ ਦਾ ਰੂਪ ਦੇ ਰਿਹਾ ਹੈ। ਕੋਈ ਉਸਦੀਆਂ ਪੰਖੜੀਆਂ ਰਾਹ ਵਿਚ ਵਿਛਾ ਕੇ ਸੁਆਗਤ ਕਰ ਰਹੇ ਹਨ, ਫੁੱਲਾਂ ਦੀ ਵਰਖਾ ਕਰ ਰਹੇ ਹਨ। ਅਜਿਹੀ ਹੀ ਸੰਤਾਂ -ਮਹਾਂਪੁਰਸ਼ਾਂ ਦੀ ਦੇਣ ਯੁਗਾਂ-ਯੁਗਾਂ ਤੋਂ ਰਹੀ ਹੈ। ਇਹ ਦੂਸਰਿਆਂ ਦੀ

ਜੀਆ ਕਰਣ ਲਈ ਖੁਦ ਅਨੇਕਾਂ ਪ੍ਰਕਾਰ ਦੇ ਦੁੱਖ ਵੀ ਸਹਿੰਦੇ ਹਨ ਲੇਕਿਨ ਮਨ ਵਿਚ ਦੂਸਰਿਆਂ ਦੇ ਪ੍ਰਤੀ ਆਦਰ ਹੁੰਦਾ ਹੈ। ਉਸੇ ਦੇ ਤਹਿਤ ਇਹ ਸਥਾਨ-ਸਥਾਨ ਤੇ ਜਾ ਜਾ ਕੇ, ਉਪਕਾਰ ਕਰਦੇ ਹਨ।

ਸਾਧ ਸੰਗਤ ! ਉਸੀ ਭਾਵ ਨਾਲ ਅੱਜ ਇਥੇ ਇਸ ਸਮਾਗਮ ਦਾ ਵੀ ਆਯੋਜਨ ਹੋਇਆ ਹੈ। ਸਾਰਿਆਂ ਦੇ ਯੋਗਦਾਨ ਮਿਲੇ ਹਨ ਜਿਸਦੇ ਕਾਰਣ ਇਹ ਇੱਕ ਸੁੰਦਰ ਰੂਪ ਇਥੇ ਵੇਖਣ ਨੂੰ ਮਿਲਿਆ ਹੈ। ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕੇ ਵਿਚ ਜਿਥੇ ਮੈਦਾਨਾਂ ਵਾਂਗ ਸਫਰ ਕਰਨਾ ਸਰਲ ਨਹੀਂ ਹੈ। ਪਿਛਲੀ ਵਾਰ ਜਦ ਬਿਲਾਸਪੁਰ ਵਿਚ ਸਮਾਗਮ ਹੋਇਆ ਸੀ, ਅਗਲੇ ਦਿਨ ਹੀ ਦਾਸ ਨੂੰ ਕੁਝ ਦੂਰ ਕਿਸੇ ਪਿੰਡ ਵਿਚ ਜਾਣ ਦਾ ਮੌਕਾ ਮਿਲਿਆ। ਪਹਿਲਾਂ ਤਾਂ ਕਿਸ਼ਤੀ ਵਿਚ ਸਵਾਰ ਹੋ ਕੇ ਫਿਰ ਜਿਥੇ ਪਹੁੰਚੇ ਉਥੇ ਜਦ ਪੰਗਡੰਡੀਆਂ ਤੋਂ ਉਪਰ ਚੜ੍ਹੇ ਅਤੇ ਵੇਖਿਆ ਕਿ ਕਿੰਨੀ ਫਿਸਲਨ ਸੀ। ਇਕ ਦਿਨ ਪਹਿਲਾਂ ਵੀ ਬਰਸਾਤ ਹੋਈ ਸੀ ਅਤੇ ਪਹਿਲਾਂ ਵੀ ਬਰਸਾਤਾਂ ਚਲ ਰਹੀਆਂ ਸਨ। ਕਿੰਨੇ ਦੁਸ਼ਵਾਰ ਰਾਹ ਅਤੇ ਉਥੋਂ ਵੀ ਮਹਾਂਪੁਰਸ਼ ਸਮਾਗਮ ਤੇ ਪਹੁੰਚੇ ਸਨ। ਕਿਥੋਂ-ਕਿਥੋਂ ਭਗਤ ਚਲ ਕੇ ਜਾਂਦੇ ਹਨ ਅਤੇ ਸਚਾਈ ਦਾ ਪ੍ਰਚਾਰ ਕਰਦੇ ਹਨ। ਇਹ ਆਪਣੇ ਅਕੀਦੇ-ਵਿਸ਼ਵਾਸ਼ ਪਰਿਪੱਕ ਰੱਖਦੇ ਹਨ। ਇਸ ਮੰਤਵ ਨੂੰ ਪੂਰਾ ਕਰਨ ਲਈ ਨਿਰੰਤਰ ਅੱਗੇ ਵਧਦੇ ਜਾਂਦੇ ਹਨ। ਅਜਿਹੇ ਹਾਲਾਤ ਆਉਂਦੇ ਵੀ ਹਨ ਜ਼ਿੰਦਗੀ ਵਿਚ ਲੇਕਿਨ ਜਿਵੇਂ ਸ਼ਾਇਰ ਨੇ ਉਹ ਇਕ ਲਾਇਨ ਕਹੀ ਹੈ –

ਮੈਂ ਤੁਮਹਾਰਾ ਹੂੰ ਇਸ ਲਈ ਅਭੀ ਤਕ ਨਹੀ ਹਾਰਾ ਹੂੰ
ਇਸ ਪ੍ਰਕਾਰ ਸਮਰਪਿਤ ਹੂੰ ਔਰ ਤੁਮਹਾਰਾ ਹੂੰ।
ਤੁਮਹਾਰੇ ਹੀ ਲੇਖੇ ਯਹ ਜੀਵਨ ਹੈ ਇਸ ਲਈ ਨਹੀ ਹਾਰਾ ਹੂੰ।

ਕਿਹੋ-ਕਿਹੋ ਜਿਹੇ ਸਮੇਂ ਜੀਵਨ ਵਿਚ ਆ ਜਾਂਦੇ ਹਨ, ਰਾਹ ਦੁਸ਼ਵਾਰ ਵੀ ਹੋ ਜਾਂਦੇ ਹਨ, ਲੇਕਿਨ ਫਿਰ ਵੀ ਭਗਤ ਚਲਦਾ ਜਾਂਦਾ ਹੈ। ਇਸ ਨੇ ਆਪਣੀ ਮੰਜ਼ਿਲੇ-ਮਕਸੂਦ ਪਾ ਲਈ ਹੁੰਦੀ ਹੈ ਲੇਕਿਨ ਇਕ ਹੋਰ ਮੰਜ਼ਿਲ ਜੋ ਇਹ ਤੈਅ ਕਰ ਰਿਹਾ ਹੁੰਦਾ ਹੈ ਕਿ ਹਰ ਥਾਂ ਉਜਾਲਾ ਹੋਏ। ਇਹੀ ਇਸਦੇ ਸਾਹਮਣੇ ਮੰਜ਼ਿਲ ਹੁੰਦੀ ਹੈ। ਇਸ ਨੂੰ ਪੂਰਾ ਕਰਨ ਲਈ ਇਹ ਨਿਰੰਤਰ ਅੱਗੇ ਵਧਦਾ ਜਾਂਦਾ ਹੈ। ਅਜਿਹੇ ਵੀ ਲੋਕ ਹਨ ਜੋ ਚਾਹੁੰਦੇ ਹਨ ਕਿ ਮੈਂ ਕੰਮ ਚਾਹੇ ਰਾਈ ਜਿੰਨਾ ਕਰਾਂ ਪਰ ਮੇਰਾ ਨਾਂ ਪਹਾੜ ਜਿੰਨਾ ਹੋਵੇ ਜਦਕਿ ਪਹਾੜ ਵਰਗੇ ਕੰਮ ਕਰਕੇ ਵੀ ਭਗਤ ਆਪਣਾ ਨਾਮ ਬਿਲਕੁਲ ਨਹੀ ਚਾਹੁੰਦੇ। ਇਹਨਾਂ ਦੀ ਅਵਸਥਾ ਤਾਂ ਉਹੋ ਜਿਹੀ ਹੁੰਦੀ ਹੈ ਜਿਵੇਂ ਰਹੀਮ ਜੀ ਦੀ ਗੱਲ ਕਿ –

ਦੇਨਹਾਰ ਕੋਉ ਔਰ ਹੈ ਦੇਵਤ ਹੈ ਦਿਨ-ਰੈਨ
ਲੋਗ ਭਰਮ ਮੋ ਪੈ ਕਰੋ ਤਾਤੇ ਨੀਚੇ ਨੈਨ।

ਰਹੀਮ ਜੀ ਕਹਿੰਦੇ ਹਨ ਕਿ ਦੇਣ ਵਾਲਾ ਤਾਂ ਇੱਕ ਈਸ਼ਵਰ ਹੈ ਪਰ ਲੋਕ ਮੇਰੇ ਤੇ ਭਰਮ ਕਰਦੇ ਹਨ

ਕਿ ਸ਼ਾਇਦ ਮੈਂ ਦੇਣ ਵਾਲਾ ਹਾਂ, ਇਸਲਈ ਸ਼ਰਮਿੰਦਗੀ ਨਾਲ ਮੇਰੀਆਂ ਨਿਗਾਹਾਂ ਜਮੀਨ ਵੱਲ ਹਨ।

ਸਾਧ ਸੰਗਤ, ਕਹਿਣ ਦਾ ਭਾਵ ਇਹੀ ਹੈ ਕਿ ਭਗਤਾਂ ਅਤੇ ਸੰਸਾਰ ਦੇ ਇਨਸਾਨਾਂ ਦੀ ਸੋਚ ਅਤੇ ਭਾਵਨਾ ਵਿਚ ਇਹੀ ਫਰਕ ਹੁੰਦਾ ਹੈ। ਜਿਵੇਂ ਅੰਗਰੇਜ਼ੀ ਵਿਚ ਕਹਾਵਤ ਹੈ– Victory has hundred fathers but failure is as orphen. ਕਾਮਯਾਬੀ ਜਦ ਹੁੰਦੀ ਹੈ ਤਾਂ ਉਸਨੂੰ claim (ਦਾਵਾ) ਕਰਨ ਵਾਲੇ ਸੈਂਕੜੇ ਪੈਦਾ ਹੋ ਜਾਂਦੇ ਹਨ ਕਿ ਮੈਂ ਕੀਤਾ ਹੈ ਲੇਕਿਨ ਜਦ ਕਿਤੇ ਨਾਕਾਮਯਾਬੀ ਹੱਥ ਲੱਗੇ ਤਾਂ ਫਿਰ ਜਿਸਨੇ ਉਸ ਵਿਚ ਯੋਗਦਾਨ ਦਿੱਤਾ ਵੀ ਹੈ, ਉਹ ਵੀ ਪੱਲਾ ਝਾੜ ਕੇ ਅਗੇ ਨਿਕਲ ਜਾਏਗਾ। ਇਹ ਫਰਕ ਹੈ। ਇਹ ਚੰਦ ਅਜਿਹੇ ਪਹਿਲੂ ਹਨ ਜਿਹਨਾਂ ਦਾ ਅੱਜ ਵੀ ਸਤਿਸੰਗ ਵਿਚ ਜਿਕਰ ਕਰ ਰਹੇ ਸਨ। ਚਾਹਨਾ ਮਨ ਵਿਚ ਇਹੀ ਹੈ ਕਿ ਇਸ ਪਾਸੇ ਧਿਆਨ ਦਿੱਤਾ ਜਾਏ ਅਤੇ ਇਸ ਤਰ੍ਹਾਂ ਆਪਣੀ ਆਤਮਾ ਨੂੰ ਇਨਸਾਨ ਪ੍ਰਮਾਤਮਾ ਦਾ ਬੋਧ ਕਰਵਾ ਕੇ ਆਵਾਗਵਨ ਦੇ ਬੰਧਨ ਤੋਂ ਨਿਜਾਤ ਪਾਏ, ਸਚਾਈ ਵਿਚ ਸਥਿਤ ਹੋ ਕੇ ਜੀਵਨ ਦੀ ਯਾਤਰਾ ਤੈਅ ਕਰੇ।

ਇਸੇ ਤਰ੍ਹਾਂ ਅਸੀਂ ਪਰਿਆਵਰਣ ਦੇ ਰੂਪ ਵਿਚ ਵੀ ਵੇਖੀਏ। ਜਿਹੜੇ ਸਥਾਨਾਂ ਤੇ ਅਸੀਂ ਰਹਿੰਦੇ ਹਾਂ, ਉਹਨਾਂ ਦੀ ਸਾਫ-ਸਫਾਈ ਆਦਿ ਵੱਲ ਵੇਖੀਏ ਅਤੇ ਜਿਵੇਂ ਦਾਸ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਵਾਤਾਵਰਣ ਨੂੰ ਸੁੰਦਰ ਰੱਖੀਏ। ਤਮਾਮ ਰੋਗਾਂ ਤੋਂ ਨਿਜਾਤ ਪਾਈਏ ਅਤੇ ਤੰਦਰੁਸਤ ਜੀਵਨ ਜੀਵੀਏ। ਸਰੀਰਕ ਰੂਪ ਵਿਚ ਵੀ ਅਤੇ ਮਾਨਸਿਕ ਰੂਪ ਵਿਚ ਵੀ। ਸਮਾਜ ਵੀ healthy (ਸਿਹਤਮੰਦ)ਹੋਵੇ, ਜਿਥੇ ਸਮਾਜਿਕ ਬੁਰਾਈਆਂ ਨਾ ਹੋਣ, ਆਪਣਾ ਮੁਲਕ ਹੀ ਕੀ ਸਾਰਾ ਸੰਸਾਰ ਹੀ healthy Atmosphere ਨੂੰ ਸਥਾਪਿਤ ਵੀ ਕਰੇ ਅਤੇ ਵਿਚਰਣ ਵੀ ਕਰੇ, ਇਹੀ ਇਕ ਸ਼ੁਭਕਾਮਨਾ-ਪ੍ਰਾਰਥਨਾ ਹੈ।

ਦਾਸ ਹੋਰ ਜ਼ਿਆਦਾ ਸ਼ਬਦਾਂ ਦਾ ਸਹਾਰਾ ਨਹੀਂ ਲਏਗਾ ਕਿਉਂਕਿ ਸਮਾਂ ਕਾਫੀ ਅੱਗੇ ਵੱਧ ਚੁੱਕਾ ਹੈ। ਇਸ ਸੰਤ ਸਮਾਗਮ ਦੇ ਮੌਕੇ ਤੇ ਆਪ ਸਾਰੇ ਬਹੁਤ ਉਤਸ਼ਾਹ ਨਾਲ ਹਾਜ਼ਰ ਹੋਏ ਹੋ। ਆਪ ਦੇ ਦਰਸ਼ਨਾਂ ਦੇ ਨਾਲ-ਨਾਲ ਸਥਾਨਿਕ ਸੱਜਣਾਂ ਦੇ ਵੀ ਦਰਸ਼ਨ ਕਰਨ ਦਾ ਮੌਕਾ ਮਿਲਿਆ । ਮਹਾਂਪੁਰਸ਼ਾਂ ਨੇ ਦੱਸਿਆ ਕਿ ਇਸ Size (ਆਕਾਰ) ਦਾ ਪੰਡਾਲ ਅਸੀਂ ਉਥੇ ਬਣਾ ਰਹੇ ਹਾਂ ਤਾਂ ਇੱਕ ਮਹਾਂਪੁਰਸ਼ ਨੇ ਵਿਚੋਂ ਹੀ ਕਹਿ ਦਿੱਤਾ ਕਿ ਇਹ ਪੰਡਾਲ ਐਨਾ ਵੱਡਾ? ਐਨੀ ਹਾਜ਼ਰੀ ਥੋੜੀ ਹੋਣੀ ਹੈ, ਰਾਹ ਵਿਚ ਹੁਸ਼ਿਆਰਪੁਰ ਦਾ ਪ੍ਰੋਗਰਾਮ ਵੀ ਬਣ ਗਿਆ ਹੈ ਅਤੇ ਕੁਝ ਇਲਾਕੇ ਜੋ ਇਥੇ ਆਉਣੇ ਸਨ, ਉਹ ਵੀ ਸ਼ਾਇਦ ਨਹੀਂ ਆਉਣਗੇ ਤਾਂ ਇਹ ਪੰਡਾਲ ਸ਼ਾਇਦ ਪੂਰਾ ਵੀ ਨਹੀਂ ਭਰ ਸਕੇਗਾ ਲੇਕਿਨ ਆਪ ਵੇਖ ਹੀ ਰਹੇ ਹੋ ਕਿ ਪੰਡਾਲ ਤੋਂ ਬਾਹਰ ਵੀ ਜਿਥੇ-ਜਿਥੇ ਨਜ਼ਰ ਜਾਂਦੀ ਹੈ ਉਥੇ-ਉਥੇ ਹੀ ਭਗਤਜਨ ਨਜ਼ਰ ਆ ਰਹੇ ਹਨ। ਐਨੇ ਉਤਸ਼ਾਹ ਨਾਲ ਆਪ ਇਥੇ ਹਾਜ਼ਰ ਹੋਏ ਹੋ ਅਤੇ ਅੱਜ ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਹਿਮਾਚਲ ਦਾ ਸਮਾਗਮ ਹੁਣ ਵੀ ਇੱਕ ਦਿਨ ਦਾ ਹੀ ਹੈ ਅਤੇ ਉਹ ਵੀ ਪਹਿਲਾਂ ਤਾਂ alternate ਸਾਲ ਦੇ ਬਾਦ ਹੋ ਜਾਂਦਾ ਸੀ ਪਰ ਵਿਚ-ਵਿਚ ਵਕਫੇ ਵਧਦੇ ਚਲੇ ਗਏ। ਕਲ ਜਿਵੇਂ ਦਾਸ ਨੇ ਕਿਹਾ ਕਿ ਕਲ Conference ਦਾ ਆਯੋਜਨ ਸੀ ਇਸਲਈ ਸਿਰਫ ਐਤਵਾਰ ਹੀ ਸੰਭਵ ਹੋ ਸਕਿਆ ਲੇਕਿਨ ਆਉਣ ਵਾਲੇ ਸਮੇਂ ਵਿਚ ਦਾਤਾਰ ਅਜਿਹੀ ਕ੍ਰਿਪਾ ਕਰੇ ਕਿ ਇਹ ਹੋਰ ਜ਼ਿਆਦਾ ਜਲਦੀ ਵੀ ਹੋਣਗੇ ਅਤੇ ਬਾਕੀ ਪ੍ਰਾਂਤਿਕ ਸਮਾਗਮਾਂ ਦੀ ਤਰ੍ਹਾਂ ਹਿਮਾਚਲ ਪ੍ਰਦੇਸ਼ ਵੀ ਇਕ ਦਿਨ ਦੇ ਸਮਾਗਮ ਤਕ ਸੀਮਿਤ ਨਹੀਂ ਰਹੇਗਾ।

ਆਪ ਸਭ ਜੋ ਇਨ੍ਹਾਂ ਸਮਾਗਮਾਂ ਦੀ ਸ਼ੋਭਾ ਬਣਾ ਰਹੇ ਹੋ ਅਤੇ ਆਪਦੇ ਇਸੇ ਉਤਸ਼ਾਹ ਦੇ ਕਾਰਣ ਅਜਿਹੇ ਵਿਸ਼ਾਲ ਰੂਪ ਬਣ ਰਹੇ ਹਨ। ਦਾਤਾਰ ਕ੍ਰਿਪਾ ਕਰੇ ਕਿ ਸਾਰਿਆਂ ਦਾ ਜੀਵਨ ਅਨੰਦਮਈ ਬਣਿਆ ਰਹੇ ਅਤੇ ਜਿਵੇਂ ਭਗਤਜਨ ਗਾਉਂਦੇ ਵੀ ਹਨ ਅਤੇ ਗਾ ਵੀ ਰਹੇ ਹਨ ਕਿ–

ਜੀਵਣੇ ਦਾ ਆ ਗਿਆ ਮਜ਼ਾ ਦਾਤਿਆ.....

ਇਸ ਤਰ੍ਹਾਂ ਜਦ ਜੀਣ ਦੇ ਮਾਇਨੇ ਹੀ ਜਾਣ ਲਏ, ਜਦ ਮੰਜ਼ਿਲ ਹੀ ਪਾ ਲਈ, ਤਾਂ ਫਿਰ ਜੀਣ ਦਾ ਮਜ਼ਾ ਕਿਉਂ ਨਾ ਆਏ? ਆਪ ਭਗਤਜਨ ਜੋ ਮਹਿਸੂਸੀਅਤ ਕਰਦੇ ਹਨ, ਉਹੀ ਸੰਦੇਸ਼ ਦੇ ਰਹੇ ਹਨ।

ਸਾਧ ਸੰਗਤ ਜੀ, ਧੰਨ ਨਿਰੰਕਾਰ।

(ਸੰਗ੍ਰਹਿ ਕਰਤਾ : ਸੁਲੇਖ 'ਸਾਥੀ')

ਗੁਰੂ ਬਿਨੁ ਗਤਿ ਨਹੀਂ...

• ਇਕਬਾਲ ਸਿੰਘ (ਪਟਿਆਲਾ)

ਗੁਰੂ ਬਿਨਾਂ ਗਤਿ ਨਹੀ ਸ਼ਾਹ ਬੇਨਾਂ ਪਤਿ ਨਹੀਂ' ਪੰਜਾਬੀ ਦਾ ਇਕ ਪ੍ਰਚਲਤ ਅਖਾਣ ਹੈ ਜਿਸ ਦੇ ਭਾਵ ਅਰਥ ਵੀ ਬੜੇ ਸਰਲ ਹਨ ਅਤੇ ਹਰ ਇਕ ਮਨੁੱਖ ਦੇ ਸਮਝ ਆਉਣ ਵਾਲੇ ਅਤੇ ਬੜੀ ਅਹਿਮੀਅਤ ਰੱਖਣ ਵਾਲੇ ਹਨ। ''ਗੁਰੂ ਬਿਨਾਂ ਗਤਿ ਨਹੀ' ਤੋਂ ਸਰਲ ਭਾਵ ਹੈ ਗੁਰੂ ਤੋਂ ਬਿਨਾਂ ਮੁਕਤੀ ਨਹੀ, ਸ਼ਾਹ ਬਿਨਾਂ ਪਤਿ ਨਹੀ ਤੋਂ ਭਾਵ ਹੈ ਕਿ ਬਿਨਾਂ ਸ਼ਾਹੂਕਾਰਾਂ (ਆੜਤੀਆਂ) ਤੋਂ ਇਨਸਾਨ ਦਾ ਗੁਜਾਰਾ ਨਹੀ ਹੈ।

ਇਨਸਾਨ ਨੂੰ ਜਨਮ ਤੋਂ ਲੈ ਕੇ ਮਰਨ ਦੇ ਸਮੇਂ ਤਕ ਅਨੇਕਾਂ ਗੁਰੂ ਮਿਲਦੇ ਹਨ। ਪਹਿਲੇ ਗੁਰੂ ਮਾਂ-ਬਾਪ, ਦੂਜੇ ਗੁਰੂ ਭੈਣ-ਭਰਾ, ਤਾਏ-ਚਾਚੇ, ਨਾਨਕੇ-ਦਾਦਕੇ ਹੋਰ ਨੇੜਲੇ ਸਾਕ-ਸੰਬੰਧੀ ਜਿਨ੍ਹਾਂ ਤੋਂ ਬੱਚਾ ਬੋਲਣਾ ਸਿੱਖਦਾ ਹੈ, ਜੋ ਬੱਚੇ ਨੂੰ ਗੱਲ ਕਰਨੀਆ ਅਤੇ ਤੁਰਨਾ-ਫਿਰਨਾ ਸਿਖਾਉਂਦੇ ਹਨ। ਬੱਚਾ ਵੱਡਾ ਹੋਇਆ, ਸਕੂਲ ਗਿਆ, ਅਧਿਆਪਕ ਗੁਰੂ, ਕਾਲਜ ਦਿਆ ਲੈਕਚਰਾਰ ਪ੍ਰੋਫੈਸਰ ਗੁਰੂ, ਕੋਈ ਤਕਨੀਕੀ ਸਿਖਿਆ ਹਾਸਿਲ ਕੀਤੀ, ਇੰਸਟੈਕਟਰ ਗੁਰੂ। ਕਹਿਣ ਦਾ ਭਾਵ ਬੱਚਾ ਵੱਡਾ ਹੋ ਕੇ ਜਿਸ ਖੇਤਰ ਵਿਚ ਗੁਜਰਦਾ ਹੈ ਉਥੇ ਉਥੇ ਹੀ ਉਸਨੂੰ ਗੁਰੂ ਮਿਲਦਾ ਹੈ। ਗੁਰੂ ਤਾਂ ਹਰ ਵਕਤ ਸੰਸਾਰ ਵਿਚ ਬੇਸ਼ੁਮਾਰ ਹੁੰਦੇ ਹਨ ਪਰ ਸਤਿਗੁਰੂ ਹਮੇਸ਼ਾਂ ਇਕ ਹੁੰਦਾ ਹੈ ਜੋ ਸੱਚ ਦੀ ਜਾਣਕਾਰੀ ਕਰਵਾ ਕੇ ਸੱਚ ਨਾਲ ਜੋੜਨ ਦਾ ਕੰਮ ਕਰਦਾ ਹੈ, ਸੱਚ ਕੀ ਹੈ ? ਜੋ ਕੁਝ ਵੀ ਸਾਡੀਆਂ ਅੱਖਾਂ ਵੇਖਦੀਆ ਹਨ ਸਭ ਕੁਝ ਨਾਸ਼ਵਾਨ ਹੈ, ਖਤਮ ਹੋਣ ਵਾਲਾ ਹੈ, ਇਕ ਪ੍ਰਮਾਤਮਾ ਹੈ ਜੋ ਕਦੇ ਵੀ ਖਤਮ ਹੋਣ ਵਾਲਾ ਨਹੀ। ਇਸ ਬਾਰੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:—

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ।।

(ਆਦਿ ਗ੍ਰੰਥ ਪੰਨਾ ਨੰ: 1)

ਪੂਰਾ ਸਤਿਗੁਰੂ ਬ੍ਰਹਮ ਗਿਆਨ ਦੇ ਜ਼ਰੀਏ ਮਨੁੱਖ ਨੂੰ ਪ੍ਰਮਾਤਮਾ ਦੇ ਦਰਸ਼ਨ ਕਰਵਾ ਕੇ ਜਨਮ ਮਰਨ ਦੇ ਚੱਕਰ ਤੋਂ ਮੁਕਤ ਕਰ ਦਿੰਦਾ ਹੈ। ਅੱਜ ਸੰਸਾਰ ਤੇ ਬਹੁਤ ਗੁਰੂ ਹਨ ਜਿਹੜੇ ਪ੍ਰਚਾਰ ਤਾਂ ਪ੍ਰਮਾਤਮਾ ਦਾ ਕਰਦੇ ਹਨ ਪਰ ਪ੍ਰਮਾਤਮਾ ਦੇ ਦਰਸ਼ਨ ਨਹੀ ਕਰਵਾਉਂਦੇ। ਪ੍ਰਮਾਤਮਾ ਦੇ ਦਰਸ਼ਨ ਤਾ ਸਿਰਫ ਪੂਰਾ ਗੁਰੂ ਹੀ ਕਰਵਾ ਸਕਦਾ ਹੈ।

ਬਾਬਾ ਬੁੱਲ੍ਹੇਸ਼ਾਹ ਜੀ ਸਈਯਦ ਘਰਾਣੇ ਨਾਲ ਸੰਬੰਧ ਰੱਖਦੇ ਸਨ। ਆਪ ਦੇ ਪਿਤਾ ਜੀ ਉਸ ਵਕਤ ਦੇ ਇਮਾਮ ਸਨ। ਸਾਰਾ ਪਰਿਵਾਰ ਹੀ ਭਗਤੀ ਭਾਵ ਵਾਲਾ ਸੀ ਜਿਸ ਕਰਕੇ ਵਿੱਦੀਆਂ ਸਿੱਧੀਆਂ ਬਾਬਾ ਬੁਲ੍ਹੇਸ਼ਾਹ ਨੂੰ ਬਚਪਨ ਵਿਚ ਪ੍ਰਾਪਤ ਹੋ ਗਈਆਂ ਸਨ । ਇਕ ਦਿਨ ਬਾਬਾ ਬੁੱਲ੍ਹੇਸ਼ਾਹ ਜੀ ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਅਸੀਂ ਜਿਸ ਖੁਦਾ ਦੀ ਭਗਤੀ ਕਰਦੇ ਹਾਂ ਮੈਂ ਖੁਦਾ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਤਾਂ ਬੁੱਲ੍ਹੇਸ਼ਾਹ ਜੀ ਦੇ ਪਿਤਾ ਜੀ ਨੇ ਕਿਹਾ ਕਿ ਖੁਦਾ ਦੇ ਦਰਸ਼ਨ ਤਾਂ ਅਜੇ ਤਕ ਮੈਂ ਵੀ ਨਹੀ ਕੀਤੇ ਤੈਨੂੰ ਕਿਥੋਂ ਖੁਦਾ ਦੇ ਦਰਸ਼ਨ ਕਰਵਾ ਦਿਆ ਤਾਂ ਬੁੱਲ੍ਹੇਸ਼ਾਹ ਨੇ ਸਹਿਜਤਾ ਵਿਚ ਕਿਹਾ ਕਿ ਅੱਬਾ ਹਜ਼ੂਰ ਮੈਂ ਤਾਂ ਖੁਦਾ ਦੇ ਦਰਸ਼ਨ ਕਰਕੇ ਹੀ ਸਹ ਲਵਾਂਗਾ।

ਬਾਬਾ ਬੁਲ੍ਹੇਸ਼ਾਹ ਜੀ ਨੇ ਸਿਆਣੇ ਲੋਕਾਂ ਨੂੰ ਪੁੱਛਿਆ ਕਿ ਮੈਂ ਖੁਦਾ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਮੈਨੂੰ ਦੱਸੋ ਕਿ ਮੈਨੂੰ ਖੁਦਾ ਦੇ ਦਰਸ਼ਨ ਕਿਵੇਂ ਅਤੇ ਕਿਥੋਂ ਪ੍ਰਾਪਤ ਹੋਣਗੇ ? ਕਈ ਲੋਕਾ ਨੇ ਕਿਹਾ ਕਿ ਹਰ ਰੋਜ਼ ਮਸੀਤੇ ਜਾਇਆ ਕਰ, ਕਈਆਂ ਨੇ ਕਿਹਾ ਕਾਅਬੇ ਜਾ, ਕਈਆਂ ਨੇ ਕਿਹਾ ਪਵਿੱਤਰ ਕੁਰਾਨ ਸਰੀਫ਼ ਪੜਿਆ ਕਰ,ਕਈਆਂ ਨੇ ਕਿਹਾ ਪੰਜ ਵਕਤ ਨਿਮਾਜਾਂ ਪੜਿਆ ਕਰ, ਕਈਆਂ ਨੇ ਕਿਹਾ ਕਿ ਤੂੰ ਤੀਰਥ ਤੇ ਜਾ। ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ ਕਿ ਮੈਂ ਉਹਨਾਂ ਲੋਕਾਂ ਦੇ ਕਹੇ ਅਨੁਸਾਰ ਇਹ ਸਾਰੇ ਕਰਮ ਕੀਤੇ ਪਰ ਮੈਨੂੰ ਖੁਦਾ ਦੇ ਦਰਸ਼ਨ ਨਹੀ ਹੋਏ। ਮੈਂ ਇਹ ਸਾਰੇ ਕਰਮ ਕਰ ਕੇ ਥੱਕ ਗਿਆ ਫਿਰ ਮੈਨੂੰ ਇਕ ਐਸਾ ਸੱਜਣ ਮਿਲਿਆ ਜਿਹਨੇ ਮੈਨੂੰ ਕਿਹਾ ਕਿ ਇਸ ਵਕਤ ਪੂਰਾ ਗੁਰੂ ਜਗਤ ਵਿਚ ਸ਼ਾਹ ਅਨਾਇਤ ਜੀ ਅਰਾਂਈ ਹਨ। ਖੁਦਾ ਦੇ ਦਰਸ਼ਨ

ਤੈਨੂੰ ਸਿਰਫ ਉਹ ਹੀ ਕਰਵਾ ਸਕਦੇ ਹਨ। ਹੁਣ ਬੁੱਲ੍ਹੇਸ਼ਹ ਜੀ ਦੇ ਹਿਰਦੇ ਵਿਚ ਇਕ ਭਰਮ ਜਾਗਿਆ ਕਿ ਮੈ ਉਚੀ ਜਾਤ ਦਾ ਹਾ, ਸ਼ਾਹ ਅਨਾਇਤ ਛੋਟੀ ਜਾਤ ਦਾ ਹੈ। ਲੋਕ ਮੈਨੂੰ ਕੀ ਕਹਿਣਗੇ? ਪਰ ਦਿਲ ਵਿਚ ਤੜਪ ਸੀ ਖੁਦਾ ਦੇ ਦਰਸ਼ਨਾਂ ਦੀ। ਮਨ ਨੂੰ ਕਹੜਾ ਕੀਤਾ ਉਸ ਵਿਅਕਤੀ ਨੂੰ ਪੁੱਛਿਆ ਕਿ ਮੈਨੂੰ ਸ਼ਾਹ ਅਨਾਇਤ ਜੀ ਮਿਲਣਗੇ ਕਿਥੇ ? ਉਸ ਸੱਜਣ ਨੇ ਕਿਹਾ ਕਿ ਉਹਨਾਂ ਦੇ ਖੇਤ ਹਨ, ਉਹ ਤੈਨੂੰ ਖੇਤਾਂ ਵਿਚ ਹੀ ਮਿਲਣਗੇ। ਬੁੱਲ੍ਹੇਸ਼ਹ ਜੀ ਘੋੜੀ ਤੇ ਚੜ ਕੇ ਖੁਦਾ ਦੇ ਦਰਸ਼ਨ ਕਰਨ ਲਈ ਸ਼ਾਹ ਅਨਾਇਤ ਜੀ ਦੇ ਖੇਤਾਂ ਵਲ ਨੂੰ ਚਲ ਪਏ। ਖੇਤ ਦੇ ਕੋਲ ਪਹੁੰਚ ਕੇ ਵੇਖਦੇ ਹਨ ਕਿ ਸ਼ਾਹ ਅਨਾਇਤ ਜੀ ਖੁਦ ਖੇਤੀ ਦਾ ਕੰਮ ਕਰ ਰਹੇ ਹਨ। ਵਕਤ ਦੇ ਪੈਰਵਿਰ ਹੋ ਕੇ ਕਿਸਾਨਾਂ ਵਾਲੇ ਕੰਮ ! ਬੁੱਲ੍ਹੇਸ਼ਹ ਜੀ ਨੇ ਸੋਚਿਆ ਕਿ ਮੈ ਇਹਨਾਂ ਨੂੰ ਬੁਲਾਉਣਾ ਨਹੀ ਜੇਕਰ ਉਹ ਆਪ ਬੁਲਾਉਣਗੇ ਤਾਂ ਉਹਨਾ ਕੋਲ ਜ਼ਰੂਰ ਜਾਵਾਂਗਾ। ਬੁੱਲ੍ਹੇਸ਼ਹ ਜੀ ਰਿੰਧੀਆਂ-ਜਿੰਧੀਆਂ ਦੇ ਮਾਲਕ ਹੋ ਹੀ ਸਨ ਬਿਸਮਿਲਾ ਕਰਕੇ ਖੇਤ ਵਿਚ ਲੱਗੇ ਅੰਬਾਂ ਦੇ ਬੂਟਿਆਂ ਤੇ ਲੱਗੀਆਂ ਅੰਬੀਆਂ ਵੱਲ ਨਜ਼ਰ ਮਾਰੀ ਤਾਂ ਅੰਬੀਆਂ ਧੜਾ ਧੜ ਥੱਲੇ ਧਰਤੀ ਤੇ ਡਿਗਣੀਆਂ ਸ਼ੁਰੂ ਹੋ ਗਈਆਂ। ਦਰਖੱਤਾ ਦੇ ਪੱਤਿਆਂ ਦਾ ਖੜਕਾ ਸੁਣ ਕੇ ਸ਼ਾਹ ਅਨਾਇਤ ਜੀ ਨੇ ਸੋਚਿਆ ਇਹ ਅੰਬੀਆਂ ਕਿਵੇ ਡਿਗ ਰਹੀਆਂ ਹਨ। ਨਜ਼ਰ ਘੁਮਾਈ ਤਾਂ ਬੁੱਲ੍ਹੇਸ਼ਹ ਤੇ ਨਜ਼ਰ ਪਈ। ਆਵਾਜ਼ ਮਾਰੀ ਭਾਈ ਕਾਕਾ, ਇਹ ਤੂੰ ਕੀ ਕਰ ਰਿਹਾ ਏਂ ਕੱਚੀਆਂ ਅੰਬੀਆਂ ਤੋੜੀ ਜਾ ਰਿਹਾ ਏਂ, ਤੂੰ ਕੌਣ ਏ ? ਬਸ, ਬੁੱਲ੍ਹੇਸ਼ਹ ਨੂੰ ਗੱਲ ਕਰਨ ਦਾ ਮੌਕਾ ਮਿਲ ਗਿਆ। ਕਿਹਾ— ਮੈਂ ਤਾਂ ਤੁਹਾਡੀਆਂ ਅੰਬੀਆਂ ਤੋੜੀਆਂ ਨਹੀ ਹਨ ਤਾਂ ਸ਼ਾਹ ਅਨਾਇਤ ਜੀ ਨੇ ਕਿਹਾ ਹਨ੍ਹੇਰੀ ਚੱਲੀ ਨਹੀ, ਵਾ-ਵਰੋਲਾ ਆਇਆ ਨਹੀ, ਪੰਛੀ-ਜਾਨਵਰ ਦਰੱਖਤਾਂ ਤੇ ਨਹੀ, ਤੇਰੇ ਬਿਨਾਂ ਹੋਰ ਕੋਈ ਨੇੜੇ ਤੇੜੇ ਨਹੀ , ਇਹ ਤੇਰੀ ਸਰਾਰਤ ਹੈ। ਦੱਸ ਤੂੰ ਕੌਣ ਏਂ ਤੇ ਕਿਥੋਂ ਆਇਆ ਹੈ ਤੇ ਕੀ ਚਾਹੁੰਦਾ ਏਂ ? ਤਾਂ ਬੁੱਲ੍ਹੇਸ਼ਹ ਨੇ ਝੱਟ ਕਿਹਾ ਮੈਂ ਬੁੱਲ੍ਹਾ ਹਾਂ ਚਾਹੁੰਦਾ ਹਾਂ, ਖੁਦਾ ਦੇ ਦਰਸ਼ਨ ਤਾਂ ਸ਼ਾਹ ਅਨਾਇਤ ਜੀ ਨੇ ਕਿਹਾ— ਘੋੜੀ ਤੋਂ ਥੱਲੇ ਆ ਤੇ ਕਰ ਲੈ ਖੁਦਾ ਦੇ ਦਰਸ਼ਨ। ਪੁਰਾਣੀਆਂ ਲਿਖਤਾਂ ਮੁਤਾਬਿਕ ਸ਼ਾਹ ਅਨਾਇਤ ਜੀ ਉਸ ਵਕਤ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਗੰਢੇ ਲਾਉਂਦੇ-2 ਹੀ ਗਿਆਨ ਦੇ ਕੇ ਖੁਦਾ ਦੇ ਦਰਸ਼ਨ ਕਰਵਾ ਦਿੱਤੇ ਕਿਹਾ ਕਿ ਬੁੱਲ੍ਹਿਆ ਰੱਬ ਦਾ ਕੀ ਪਾਉਣਾ, ਏਧਰੋਂ ਪੁਟਣਾ, ਉਧਰ ਲਾਉਣਾ ਭਾਵ ਮਨ ਨੂੰ ਦੁਨੀਆਂ ਵਾਲੇ ਪਾਸਿਉ ਮੋੜ ਕੇ ਖੁਦਾ ਵਾਲੇ ਪਾਸੇ ਜੋੜਨਾ। ਖੁਦਾ ਦੇ ਦਰਸ਼ਨ ਉਪਰੰਤ ਬਾਬਾ ਬੁੱਲ੍ਹੇਸ਼ਹ ਨੇ ਕਾਫ਼ੀ ਲਿਖੀ ਜਿਸਦੀਆਂ ਕੁਝ ਪੰਕਤੀਆਂ ਇਸ ਤਰ੍ਹਾਂ ,

ਨਾ ਖੁਦਾ ਮਸੀਤੇ ਡਿੱਠਾ,
ਨਾ ਖੁਦਾ ਵਿਚ ਕਾਅਬੇ।
ਨਾ ਖੁਦਾ ਕੁਰਾਨ ਕਿਤਾਬਾਂ,
ਨਾ ਖੁਦਾ ਨਿਮਾਜੇ।
ਨਾ ਖੁਦਾ ਮੈਂ ਤੀਰਥ ਢਿੱਠਾ.
ਅੰਵੇਂ ਧੰਡ ਲਾਗੇ।
ਬੁੱਲ੍ਹਾਸ਼ਾਹ ਜਦ ਮੁਰਸ਼ਦ ਮਿਲਿਆ
ਤਾਂ ਛੂਟੇ ਸਭ ਤਗਾਦੇ।

ਪੂਰਾ ਗੁਰੂ ਮਿਲਣ ਤੇ ਬੁੱਲ੍ਹੇਸ਼ਹ ਨੂੰ ਖੁਦਾ ਦੇ ਦਰਸ਼ਨ ਹੋਏ। ਗੁਰੂ ਮਹਿਮਾ ਪ੍ਰਤੀ ਗੁਰਬਾਣੀ ਵਿਚ ਵੀ ਅਨੇਕਾਂ ਸ਼ਲੋਕ ਹਨ ਜਿਵੇਂ :—

ਗੁਰੂ ਗੁਰੂ ਗੁਰੂ ਕਰਿ ਮਨ ਮੇਰ।।
ਗੁਰੂ ਬਿਨਾ ਮੈਂ ਨਾਹੀ ਹੋਰ
ਗੁਰ ਕੀ ਟੇਕ ਰਹਹੁ ਦਿਨੁ ਰਾਤਿ
ਜਾ ਕੀ ਕੋਇ ਨ ਮੇਟੈ ਦਾਤਿ।।

ਗੁਰੂ ਅਤੇ ਗੁਰਸਿੱਖ ਦਾ ਰਿਸ਼ਤਾ ਸਭ ਤੋਂ ਪਵਿੱਤਰ ਹੈ ਕਿਉਂਕਿ ਗੁਰੂ ਹੀ ਇਕ ਇਕੱਲਾ ਹੈ। ਜਿਸਨੇ ਦੋਨਾਂ ਲੋਕਾਂ ਵਿਚ ਸਾਥ ਦੇਣਾ ਹੁੰਦਾ ਹੈ ਬਾਕੀ ਦੇ ਸਭ ਰਿਸ਼ਤੇ ਮਾਤ ਲੋਕ ਤਕ ਸੀਮਿਤ ਹਨ

ਰਿਸ਼ਤੇ ਨੇ ਜਗ ਦੇ ਕੱਚੇ ਰਿਸ਼ਤਿਆਂ ਦੀ ਥੋੜ ਨਹੀ।
ਗੁਰ ਤੇ ਗੁਰਸਿੱਖਾਂ ਵਰਗਾ ਰਿਸ਼ਤਾ ਕੋਈ ਹੋਰ ਨਹੀ।

ਜਿਹਨਾਂ ਹਿਰਦਿਆਂ ਵਿਚ ਖੁਦਾ ਦੇ ਦਰਸ਼ਨਾਂ ਦੀ ਲਾਲਸਾ ਹੁੰਦੀ ਹੈ, ਜੋ ਪ੍ਰਮਾਤਮਾ ਦੇ ਦਰਸ਼ਨ ਕਰਕੇ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋਣਾ ਚਾਹੁੰਦੇ ਹਨ ਉਹ ਹਿਰਦੇ ਪੂਰੇ ਗੁਰੂ ਦੀ ਭਾਲ ਕਰਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਨਿਰੰਕਾਰ ਦੇ ਦਰਸ਼ਨ ਕਰਕੇ ਜੀਵਨ ਮੁਕਤ ਹੋ ਜਾਂਦੇ ਹਨ। ਇਸੇ ਕਰਕੇ ਸਿਆਣੇ ਲੋਕਾਂ ਦੇ ਬੋਲ ਹਨ— ਗੁਰੂ ਬਿਨਾਂ ਗਤਿ ਨਹੀ ਭਾਵ ਬਿਨਾਂ ਗੁਰੂ ਪੂਰੇ ਦੇ ਮੁਕਤੀ ਪ੍ਰਾਪਤ ਨਹੀ ਹੁੰਦੀ ਹੈ।

ਗੀਤ- ਗੁਲਜ਼ਾਰ

ਗਿਆਨ ਜਦੋਂ ਦਾ ਮਿਲਿਆ,

❑ ਰਾਮ ਕਟਾਰੀ (ਰਤੀਆ)

ਆ ਜਾ ਬੰਦਿਆਂ ਆ ਸਤਿਗੁਰੂ ਦੇ ਦਰ ਤੇ ਆ,
ਸਤਿਸੰਗ ਵਿਚ ਆ ਕੇ ਤੂੰ, ਮੂੰਹੋਂ ਮੰਗੀਆਂ ਮੁਰਾਦਾਂ ਪਾ।
ਗੁਰੂਦੇ ਬਚਨਾਂ ਨੂੰ ਮੰਨ ਕੇ, ਕੋਠੇ ਚੜ੍ਹ-ਚੜ੍ਹ ਦੱਸਦੀ ਆਂ,
ਗਿਆਨ ਜਦੋਂ ਦਾ ਮਿਲਿਆ, ਮੈਂ ਸੁੱਖਾਂ ਵਿੱਚ ਵੱਸਦੀ ਆਂ।

ਸਤਿਸੰਗ ਵਿੱਚ ਆ ਕੇ ਤੂੰ, ਆਜਾ ਭੁੱਲਾਂ ਨੂੰ ਬਖ਼ਸ਼ਾ ਲੈ,
ਕਾਹਨੂੰ ਹਹੋ ਦੂਹ-ਦੂਹ ਤੂੰ, ਆ ਜਾ ਜੀਵਨ ਸਫਲ ਬਣਾ ਲੈ,
ਸੁੱਖ ਮਿਲ ਜਾਣਗੇ ਤੈਨੂੰ,ਮੈਂ ਦਿਲ ਵਿੱਚ ਆਸਾਂ ਰੱਖਦੀ ਆਂ,
ਗਿਆਨ ਜਦੋਂ ਦਾ ਮਿਲਿਆ.....

ਅੱਜ ਭਰਮ ਭੁਲੇਖਿਆਂ ਚੋਂ, ਬੰਦਿਆ ਸਤਿਗੁਰੂ ਕੱਢਦਾ ਮੇਰਾ,
ਸਭ ਨੂੰ ਚਾਨਣ ਕਰਦਾ ਹੈ, ਕੱਢਦਾ ਦੂਰ ਦਿਲਾਂ ਚੋਂ ਹਨ੍ਹੇਰਾ,
ਪਹਿਲਾਂ ਮੁਰਝਾਈ ਰਹਿੰਦੀ ਸੀ, ਹੁਣ ਖਿੜ-ਖਿੜ ਹੱਸਦੀ ਆਂ,
ਗਿਆਨ ਜਦੋਂ ਦਾ ਮਿਲਿਆ.....

ਵੀਰੇ 'ਰਾਮ ਕਟਾਰੀ' ਨੇ ਜਿਸ ਦਿਨ ਤੋਂ ਰੱਬ ਨੂੰ ਪਾਇਆ,
ਹੁਣ ਸੁੱਖਾਂ 'ਚ ਵਸਦੇ ਹਾਂ, ਸਤਿਗੁਰੂ ਜਦੋਂ ਦਾ ਮੇਲ ਮਿਲਾਇਆ,
ਸੇਵਾ ਹੱਸ-ਹੱਸ ਕਰਨ ਲਈ, ਮੈਂ ਗੁਰੂ ਦਰ ਨੂੰ ਨੱਸਦੀ ਆਂ।
ਗਿਆਨ ਜਦੋਂ ਦਾ ਮਿਲਿਆ, ...

ਗੁਰੂ ਦਰ ਸੇਵਾ

❑ ਹਰਬੰਸ ਸਿੰਘ (ਮਾਨਸਾ)

ਗੁਰੂ ਦਰ ਸੇਵਾ ਜਿਹੜੇ ਹੱਸ ਕੇ ਕਮਾਂਦੇ ਨੇ,
ਗੁਰੂ ਦੀਆਂ ਰਹਿਮਤਾਂ ਤੇ ਸੁੱਖ ਸਾਰੇ ਪਾਂਦੇ ਨੇ।

ਤਨੋਂ ਮਨੋਂ ਇੱਕ ਹੋ ਕੇ ਸੇਵਾ ਜਿਹੜੇ ਕਰਦੇ,
ਸੁੱਖਾਂ ਨਾਲ ਘਰ ਸਦਾ ਆਪਣਾ ਉਹ ਭਰਦੇ,
ਉਠਦੇ ਨੇ ਉਚੇ ਜਿਹੜੇ ਡਿੱਗੇ ਨੂੰ ਉਠਾਂਦੇ ਨੇ,
ਗੁਰੂ ਦਰ ਸੇਵਾ.....

ਥੋੜੀ ਬਹੁਤੀ ਹੋਵੇ ਜਿੰਨੀ ਸੇਵਾ ਕਰ ਸਕੀਏ,
ਕੀਤੀ ਹੋਈ ਸੇਵਾ ਦਾ ਹਿਸਾਬ ਨਾ ਕੋਈ ਰੱਖੀਏ,
ਕਰ ਕਰ ਸੇਵਾ ਜਿਹੜੇ ਉਰਨੂੰ ਭੁੱਲ ਜਾਂਦੇ ਨੇ,
ਗੁਰੂ ਦਰ ਸੇਵਾ.....

ਪੂਰੇ ਗੁਰੂ ਕੋਲ ਹੁੰਦੇ ਸੁੱਖਾਂ ਦੇ ਭੰਡਾਰੇ ਨੇ,
ਜਿਹੜੇ ਦਰ ਆਉਂਦੇ ਉਹੀਓ ਲੁੱਟਦੇ ਨਜ਼ਾਰੇ ਨੇ,
ਰਜ਼ਾ ਵਿੱਚ ਰਹਿ ਕੇ ਇਹਦਾ ਸੁਕਰ ਮਨਾਂਦੇ ਨੇ
ਗੁਰੂ ਦਰ ਸੇਵਾ.....

ਗੁਰੂ ਜਦੋਂ ਖੁਸ਼ ਹੁੰਦਾ ਸੇਵਾ ਹੀ ਕਰਾਂਦਾ ਏ,
ਭਾਗਾਂ ਵਾਲਾ 'ਹਰਬੰਸ' ਇਸਨੂੰ ਰਿਝਾਂਦਾ ਏ,
ਪਲ ਪਲ ਉਤੇ ਬੱਸ ਇਸ ਨੂੰ ਧਿਆਂਦੇ ਨੇ,
ਗੁਰੂ ਦਰ ਸੇਵਾ.....

ਇਹ ਗਿਆਨ ਵਾਲੀ ਦਾਤ ਵੰਡਦਾ

❑ ਸੁਖਦੇਵ ਸਿੰਘ ਦੇਵ (ਸੰਗਤੀ ਵਾਲਾ)

ਆਇਆ ਮੁਕਤੀ ਦਾ ਦਾਤਾ, ਜੋੜੇ ਹੱਥ ਨਾਲ ਨਾਤਾ,
ਸੁਖੀ ਲੋਕ ਪ੍ਰਲੋਕ ਇਹ ਬਣਾਵੇ,
ਇਹ ਗਿਆਨ ਵਾਲੀ ਦਾਤ ਵੰਡਦਾ,
ਨਾਲੇ ਭਗਤੀ ਦਾ ਢੰਗ ਇਹ ਸਿਖਾਵੇ।

ਬ੍ਰਹਮ ਗਿਆਨ ਕਰੇ ਭਰਮਾਂ ਦਾ ਨਾਸ਼ ਤਾਂ,
ਜੀਹਨੇ ਕਿਤੇ ਹੋਰ ਰੱਖੀ ਕੋਈ ਆਸ ਨਾ,
ਉਹਦਾ ਜੀਵਨ ਮਹਾਨ, ਜਿਨ੍ਹੇ ਪੱਕਾ ਕੀਤਾ ਧਿਆਨ,
ਉਹਨੂੰ ਬੰਧਨਾਂ ਤੋਂ ਮੁਕਤ ਬਣਾਵੇ,
ਇਹ ਗਿਆਨ ਵਾਲੀ ਦਾਤ ਵੰਡਦਾ,.....।

ਦੁਨੀਆਂ 'ਚ ਭਰਮਾਂ ਦੇ ਲੱਖਾਂ ਬੋਝ ਪਏ ਨੇ,
ਜੀਹਨੇ ਲਿਆ ਗਿਆਨ ਉਹ ਤਾਂ ਸੁਖੀ ਹੋ ਗਏ ਨੇ,
ਜੀਹਨੇ ਲਿਆ ਗਿਆਨ, ਲਿਆ ਰੱਬ ਪਹਿਚਾਨ,
ਉਹਨੂੰ ਓਧਰੀ ਕੋਈ ਸੈਅ ਨਾ ਡਰਾਵੇ,
ਇਹ ਗਿਆਨ ਵਾਲੀ ਦਾਤ ਵੰਡਦਾ.....

ਸਤਿਗੁਰੂ ਧਿਨਾਂ ਮਿਲੇ ਹੋਰ ਕਿਤੋਂ ਢੋਈ
ਮੁਕਤੀ ਦਵਾਵੇ ਹੋਰ ਸ਼ਕਤੀ ਵੀ ਕੋਈ ਨਾ,
ਉਹਦਾ ਹੋਇਆ ਕਲਿਆਣ, ਜੀਹਤੇ ਹੋਇਆ ਮਿਹਰਬਾਨ,
'ਦੇਵ' ਜਨਮ ਸਫਲ ਹੋ ਜਾਵੇ,
ਇਹ ਗਿਆਨ ਵਾਲੀ ਦਾਤ ਵੰਡਦਾ.....

ਇਤਿਹਾਸ ਦੇ ਝਰੋਖੇ ਚੋਂ

ਮੁਰਸ਼ਦ ਕੇ ਨਾਮ

❑ ਬ੍ਰਹਮਲੀਨ ਭੂਪੇਂਦਰ 'ਬੇਕਲ'

ਲੇਨੇ ਲਗੇ ਹੈਂ ਕਾਨੋਂ ਸੇ, ਆਂਖੋਂ ਕਾ ਕਾਮ ਲੇਗਾ।
ਕਿਆ ਥਾ ਬਨਾਇਆ ਬਨ ਗਏ, ਹੈਂ ਕਿਆ ਤਮਾਮ ਲੇਗਾ।

ਕਿਆ ਦੇ ਰਹੇ ਹੈਂ ਦੇਖੀਏ, ਬਦਲੇ ਮੇਂ ਚਾਹੋਂ ਕਿਆ,
ਅਸ਼ਕੋਂ ਸੇ ਅਬ ਚੁਕਾਤੇ ਹੈਂ, ਖੁਸ਼ੀਓਂ ਕੇ ਦਾਮ ਲੇਗਾ।

ਕੋਸ਼ਿਸ਼ ਸੁਧਾਰਨੇ ਕੀ , ਇਸੇ ਕਿਸ ਤਰ੍ਹਾਂ ਕਹੋਂ ?
ਖੁਦਗਰਜ਼ੀਓਂ ਕੋ ਕਹਿਤੇ ਹੈਂ, ਜਬ ਇੰਤਜ਼ਾਮ ਲੇਗਾ।

ਇਸਮੇਂ ਦਰੁਸਤ ਕਿਆ ਹੈ ਤੋ, ਇਸਮੇਂ ਹੈ ਕਿਆ ਗਲਤ ?
ਦੇਤੇ ਹੈਂ ਗਾਲੀਆਂ ਭੀ, ਕਰ ਕੇ ਸਲਾਮ ਲੇਗਾ।

ਬੇਕਲ ਨਾ ਤਬ ਤਕ ਕੌਲੇ-ਅਮਲ, ਹੋਂਗੇ ਏਕ ਸੇ,
ਜਬ ਤਕ ਕਰੋਂ ਨ ਜ਼ਿੰਦਗੀ, ਮੁਰਸ਼ਦ ਕੇ ਨਾਮ ਲੇਗਾ।

ਰੁਲ ਰੁਲ ਕੇ

❑ ਬ੍ਰਹਮਲੀਨ ਪ੍ਰੀਤ ਬਰਨਾਲਵੀ

ਨਿਭ ਜਾਏ ਤੋੜ ਸੁਆਸਾਂ ਤੱਕ,
ਤੇਰਾ ਦਰ ਮਿਲਿਆ ਏ ਰੁਲ-ਰੁਲ ਕੇ।
ਇਹ ਬੰਜਰ ਧਰਤੀ ਪਿਆਸੀ ਏ,
ਮੁਹਤਾਜ ਹੈ ਤੇਰੀ ਰਹਿਮਤ ਦੀ,
ਇਹਦੇ ਕਣ ਕਣ ਅੰਦਰ ਰਚ ਜਾਵਣ,
ਤੇਰੇ ਪਿਆਰ ਦੇ ਰਸ਼ਮੇ ਫੁੱਲ-ਫੁੱਲ ਕੇ।
ਤੇਰੀ ਸਿਫ਼ਤ ਬਣੇ ਜ਼ਿੰਦਗੀ ਦਾ ਨਸ਼ਾ,
ਤੇਰਾ ਇਸ਼ਕ ਬਣੇ ਮੇਰੀ ਰੂਹ ਦੀ ਰਿਜ਼ਾ,
ਤੇਰੇ ਹੁਕਮ 'ਚ ਬੰਨ੍ਹਿਆ ਰਲਦਾ ਰਹਾਂ,
ਕਦੀ ਸਿਰ ਨਾ ਉਠਾਵਾਂ ਭੁੱਲ-ਭੁੱਲ ਕੇ।
ਪਹਿਚਾਣ ਤੇਰੀ ਕਲਿਆਣ ਮੇਰਾ,
ਇਸ ਨੁਕਤੇ ਉਹਲੇ ਸਭ ਕੁਝ ਹੈ,
ਤੂੰ ਰੱਬ ਏ ਬੰਦਾ ਬਿਲਕੁਲ ਨਹੀਂ,
ਹਰ ਸੁਆਸ ਇਹ ਗਾਵਾ ਫੁੱਲ-ਫੁੱਲ ਕੇ।
ਜੰਗਲਾਂ ਵਿਚ ਲੱਖ ਗੁਲਾਬ ਖਿਲੇ,
ਹੈ ਮੁੱਲ ਕੀ ਉਸ ਦੀ ਖੁਸ਼ਬੋ ਦਾ,
ਜ਼ਿੰਦਗੀ ਦਾ ਸਫਰ ਇਓਂ ਮੁੱਕ ਜਾਏ,
ਤੇਰੇ ਰੰਗਲੇ ਟੱਬਰ ਨੂੰ ਮਿਲ ਮਿਲ ਕੇ।
ਇਹ 'ਪ੍ਰੀਤ' ਕਲੀ ਤੇਰੇ ਦਰ ਤੇ ਖਿਲੀ,
ਖਿਲਦੀ ਹੀ ਰਹੇ ਫੁਲਦੀ ਹੀ ਰਹੇ,
ਇਸ ਬਾਗ 'ਚ ਸੁਹਣੇ ਲੱਗਣ ਜਿਹੜੇ,
ਉਹ ਰੰਗ ਚੜ ਜਾਵਣ ਘੁਲ-ਘੁਲ ਕੇ।
ਤੈਂ ਕੱਖ ਨੂੰ ਲੱਖ ਬਣਾਇਆ ਏ,
ਪਰਤਾਂ ਨਾ ਪਿਛਾਂਹ ਵਧਦਾ ਹੀ ਜਾਂ,
ਘਾਟੇ ਵਿਚ ਕਦਮ ਉਠੇ ਨਾ ਕਦੀ,
ਤੇਰੀ ਮਿਹਰ-ਏ-ਨਜ਼ਰ ਵਿਚ ਤੁੱਲ-ਤੁੱਲ ਕੇ।

ਇਨਸਾਨੀਅਤ ਈਮਾਨ ਏ

❑ ਬ੍ਰਹਮਲੀਨ ਧਰਮ ਸਿੰਘ ਮੌਕ

ਕੋਈ ਹਿੰਦੂ ਏ ਨਾ ਈਸਾਈ ਨਾ ਮੁਸਲਮਾਨ ਏ
ਸਾਡੀ ਨਜ਼ਰਾਂ ਵਿਚ ਤਾਂ ਹਰ ਇੱਕ ਆਦਮੀ ਇਨਸਾਨ ਏ।
ਵਧਰੇ ਵਧਰੇ ਪੰਥ ਮਜ਼ਹਬ ਧਰਮ ਅਸੀਂ ਨਹੀਂ ਮੰਨਦੇ,
ਪਿਆਰ ਸਾਡਾ ਧਰਮ ਏ ਇਨਸਾਨੀਅਤ ਈਮਾਨ ਏ
ਇਹ ਅਸੀਂ ਮੰਨਦੇ ਵੀ ਹਾਂ, ਕਹਿੰਦੇ ਵੀ ਹਾਂ, ਕਰਦੇ ਵੀ ਹਾਂ,
ਇਹੋ ਭਗਤੀ, ਇਹੋ ਸਾਡਾ ਕਰਮ , ਇਹੋ ਗਿਆਨ ਏ
ਨਫ਼ਰਤਾਂ ਜੇ ਦੂਰ ਨਾ ਹੋਈਆਂ ਤੇ ਕੀ ਏਕੇ ਦੀ ਆਸ,
ਜੇ ਨਹੀਂ ਏਕਾ ਤਾਂ ਖੁਸ਼ਹਾਲੀ ਵੀ ਇਕ ਤੂਫਾਨ ਏ
ਗੀਤ ਨਗ਼ਮੇ ਪਿਆਰ ਦੇ ਗਾਂਦੇ ਤਾ ਹਨ ਸਾਰੇ ਹੀ ਲੋਕ,
ਪਰ ਅਮਰ ਹੋਵਨਗੇ ਉਹ ਨਗ਼ਮੇ ਜਿਹਨਾ ਵਿਚ ਜਾਨ ਏ।
ਫੋਕੀਆਂ ਭੜਕਾਊ ਨਹਰੇ ਬਾਜ਼ੀਆਂ ਤੋਂ ਦੇਸ ਨੂੰ,
ਫ਼ਾਇਦਾ ਕੁਝ ਵੀ ਨਹੀਂ ਨੁਕਸਾਨ ਈ ਨੁਕਸਾਨ ਏ
'ਸੋਕ' ਲੱਖਾਂ ਦਿਲਾਂ ਦੀ ਕੀਤੀ ਏ ਜਿਸ ਕਾਇਆ-ਕਲਪ,
ਪੀਰ ਮੇਰਾ ਗੁਰਬਰਨ ਇਹ ਵਕਤ ਦਾ ਲੁਕਮਾਨ ਏ

ਹਰੇਕ ਇਨਸਾਨ ਰੋਕੇ ਪ੍ਰਦੂਸ਼ਣ,

ਸਰਕਾਰਾਂ ਵੀ ਕਰਨ ਵਿਸ਼ੇਸ਼ ਯਤਨ

20ਵੀਂ ਵਿਸ਼ਵ ਪਰਿਆਵਰਣ ਕਨਵੇਂਸ਼ਨ ਵਿਚ ਨਿਰੰਕਾਰੀ ਬਾਬਾ ਜੀ ਦੀ ਪ੍ਰੇਰਣਾ

- ਸਰਵ ਸ੍ਰੀ ਵਿਵੇਕ ਰਫੀਕ ਅਤੇ ਹਰਜੀਤ ਨਿਸ਼ਾਦ ਰਾਹੀਂ

ਪਾਲਮਪੁਰ (ਹਿ: ਪ੍ਰ:), 31 ਮਈ। ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਐਸ. ਐਮ ਕਨਵੇਂਸ਼ਨ ਸੈਂਟਰ ਪਾਲਮਪੁਰ ਵਿਚ ਆਯੋਜਿਤ 10ਵੀਂ ਵਿਸ਼ਵ ਪਰਿਆਵਰਣ ਕਨਵੇਂਸ਼ਨ ਦੇ ਮੌਕੇ ਤੇ ਕਿਹਾ ਕਿ ਪਰਿਆਵਰਣ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਵਧਦੇ ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਨਾਲ ਨਿਪਟਣ ਲਈ ਹਰ ਇਨਸਾਨ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਪ੍ਰਦੂਸ਼ਣ ਦੇ ਕਾਰਣ ਓਜ਼ੋਨ ਪਰਤ ਦਾ ਲਗਾਤਾਰ ਪਤਲੀ ਹੁੰਦੇ ਜਾਣਾ ਵਿਸ਼ਵ ਲਈ ਖ਼ਤਰਨਾਕ ਹੁੰਦਾ ਜਾ ਰਿਹਾ ਹੈ। ਸਤਿਗੁਰੂਦੇਵ ਨੇ ਪ੍ਰੇਰਣਾ ਦਿੱਤੀ ਕਿ ਹਰ ਇਨਸਾਨ ਪ੍ਰਦੂਸ਼ਣ ਰੋਕੇ ਅਤੇ ਵਿਸ਼ਵ ਦੀਆਂ ਸਰਕਾਰਾਂ ਵੀ ਇਸ ਦਿਸ਼ਾ ਵਿਚ ਵਿਸ਼ੇਸ਼ ਯਤਨ ਕਰਨ।

ਇਸੇ ਦੌਰਾਨ ਸਤਿਗੁਰੂਬਾਬਾ ਜੀ ਨੇ ਵਿਸ਼ਵ ਮਾਨਵ ਲੜੀ ਦਾ ਉਦਘਾਟਨ ਕੀਤਾ, ਜੋ ਪਾਲਮਪੁਰ-ਬੈਜਨਾਥ ਮਾਰਗ ਤੇ ਬਣਾਈ ਗਈ। ਮਾਨਵ ਲੜੀ ਵਿਚ ਵਿਸ਼ਵ ਭਰ ਤੋਂ ਪਧਾਰੇ ਮੰਨੇ-ਪ੍ਰਮੰਨੇ ਮੌਬਰਾਂ ਦੇ ਇਲਾਵਾ ਹਜ਼ਾਰਾਂ ਸ਼ਰਧਾਲੂਆਂ ਨੇ ਹੱਥ ਵਿਚ ਹੱਥ ਲੈ ਕੇ ਪਰਿਆਵਰਣ ਸੁਰੱਖਿਆ ਦਾ ਸਕੰਲਪ ਲਿਆ। ਸਤਿਗੁਰੂਬਾਬਾ ਜੀ ਨੇ ਡਾ: ਮਾਧਵ ਮਹਿਰਾ ਅਤੇ ਸਵੀਡਨ ਦੇ ਸਾਬਕਾ ਮੰਤਰੀ ਡਾ: ਐਲਾ ਉਲਸਟੇਨ ਨੂੰ ਪਰਿਆਵਰਣ ਦੇ ਖੇਤਰ ਵਿਚ ਦਿੱਤੇ ਜਾ ਰਹੇ ਯੋਗਦਾਨ ਦੇ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਸੰਮੇਲਨ ਵਿਚ ਵਿਸ਼ਵ ਭਰ ਤੋਂ ਆਏ ਪਰਿਆਵਰਣ ਵਿਦਵਾਨਾਂ ਨੇ ਉਪਯੋਗੀ ਵਿਚਾਰ-ਵਟਾਂਦਰਾ ਕੀਤਾ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਪ੍ਰੇਮ ਕੁਮਾਰ ਧੂਮਲ ਅਤੇ ਰਾਜ ਸਰਕਾਰ ਦੇ ਅਨੇਕਾਂ ਮੰਤਰੀਗਣ ਵੀ ਸੰਮੇਲਨ ਵਿਚ ਪਹੁੰਚੇ ਅਤੇ ਉਪਯੋਗੀ ਵਿਚਾਰ ਰੱਖੇ। ਪ੍ਰੋਫੈਸਰਾਂ ਅਤੇ ਪ੍ਰਸ਼ਾਸਕਾਂ ਨੇ ਵੀ ਮਹੱਤਵਪੂਰਣ ਭੂਮਿਕਾਂ ਨਿਭਾਈ।

ਪਰਿਆਵਰਣ ਸੰਮੇਲਨ ਵਿਚ ਪਹਿਲੀ ਵਾਰ ਪਧਾਰੇ ਸਤਿਗੁਰੂ ਬਾਬਾ ਜੀ ਨੇ ਆਪਣੇ ਆਸ਼ੀਰਵਾਦਾ ਵਿਚ ਬੋਲ ਤੋਂ ਜ਼ਿਆਦਾ ਕਰਮ ਤੇ ਧਿਆਨ ਦੇਂਦੇ ਹੋਏ ਮਾਨਵਤਾ ਦੇ ਹਿਤਾਰਥ ਕਾਰਜ ਕਰਨ ਦੀ ਪ੍ਰੇਰਣਾ ਦਿੱਤੀ।

ਝਲਕੀਆਂ

● ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦਾ ਵਿਸਵ ਜਨਸਮੁਦਾਇ ਦੇ ਨਾਂ ਸੰਦੇਸ਼ 'ਗਲੋਬਲ ਕਨਵੇਂਸ਼ਨ ਸੋਵੀਨੀਯਰ' ਵਿਚ ਸਚਿੱਤਰ ਪ੍ਰਕਾਸ਼ਿਤ ਕੀਤਾ ਗਿਆ, ਜਿਸ ਵਿਚ ਕਨਵੇਂਸ਼ਨ ਵਿਚ ਸ਼ਾਮਿਲ ਪਰਿਆਵਰਣ ਵਿਦਵਾਨਾਂ ਅਤੇ ਪ੍ਰਸ਼ਾਸਕਾਂ ਨੂੰ ਪਾਵਨ ਆਸ਼ੀਰਵਾਦ ਅਤੇ ਮਾਰਗ ਦਰਸ਼ਨ ਪ੍ਰਦਾਨ ਕੀਤਾ ਗਿਆ।

● ਸਤਿਗੁਰੂ ਬਾਬਾ ਜੀ ਨੇ ਡਾ: ਸੁਦਰਸ਼ਨ ਮੇਨੀ ਚੇਅਰਮੈਨ ਮੇਨੀਗਰੁੱਪ, ਬੇਂਗਲੂਰ ਰਾਹੀਂ ਵਿਸ਼ਵ ਬਾਜ਼ਾਰ ਵਿਚ ਉਤਾਰੀ ਗਈ 'ਸੇਵਾ' ਕਾਰ ਦਾ ਵੀ ਉਦਘਾਟਨ ਕੀਤਾ। ਇਹ ਕਾਰ ਵਿਸ਼ਵ ਬਾਜ਼ਾਰ ਵਿਚ ਪ੍ਰਦੂਸ਼ਣ ਮੁਕਤ ਕਾਰ ਦੇ ਰੂਪ ਵਿਚ ਮੌਜੂਦ ਹੋਏਗੀ। ਇਹ ਬੈਟਰੀਚਾਲਿਤ ਹੈ ਅਤੇ 80 ਕਿਲੋ ਮੀਟਰ ਪ੍ਰਤੀਦਿਨ ਬਿਨਾ ਚਾਰਜ ਕਰਕੇ ਚਲ ਸਕਦੀ ਹੈ।

● 'ਕਨਵੇਂਸ਼ਨ ਆਨ ਕਲਾਈਮੇਟ ਚੇਂਜ਼ ਦੇ ਮਹੱਤਵਪੂਰਨ ਪੜਾਅ ਵਿਚ ਔਰਤਾਂ, ਬੱਚਿਆਂ ਅਤੇ ਮੀਡੀਆ ਵਿਚ ਪਰਿਆਵਰਣ ਚੇਤਨਾ ਵਿਸ਼ੇ ਤੇ ਆਪਣੇ ਮਹੱਤਵਪੂਰਣ ਭਾਵ ਰੱਖਦੇ ਹੋਏ ਮਿਸ਼ਨ ਦੇ ਜਨਸੰਪਰਕ ਵਿਭਾਗ ਦੇ ਇੰਚਾਰਜ ਮੇਜਰ ਜੇ. ਡੀ. ਸ਼ਰਮਾ ਨੇ ਕਿਹਾ ਕਿ ਬੱਚਿਆਂ ਵਿਚ ਗ੍ਰਹਿਣ ਕਰਨ ਦੀ ਸਮਰਥਾ ਦਾ ਲਾਭ ਲੈਂਦੇ ਹੋਏ ਉਹਨਾਂ ਨੂੰ ਪਰਿਆਵਰਣ ਰੱਖਿਆ ਦੀਆਂ ਮੂਲ ਗੱਲਾਂ ਦੱਸਣੀਆਂ ਚਾਹੀਦੀਆਂ ਹਨ। ਔਰਤਾਂ ਜੋ ਆਪਣੀ ਰਚਨਾਤਮਿਕਤਾ ਦੇ ਕਾਰਣ ਕੁਦਰਤ ਦੇ ਬਹੁਤ ਨੇੜੇ ਹੁੰਦੀਆਂ ਹਨ, ਨੂੰ ਜਾਗਰੂਕ ਕਰਕੇ ਪਰਿਆਵਰਣ ਸੁਰੱਖਿਆ ਦੀ ਦਿਸ਼ਾ ਵਿਚ ਤਰੱਕੀ ਸੰਭਵ ਹੈ। ਉਹਨਾਂ ਨੇ ਕਿਹਾ ਕਿ ਗਾਂ ਘਾਹ ਖਾਂਦੀ ਹੈ ਉਸਦੇ ਅੰਦਰ ਲੱਗਾ ਕਨਵਰਟਰ ਉਸਨੂੰ ਦੁੱਧ ਬਣਾ ਦਿੰਦਾ ਹੈ। ਸੱਪ ਦੁੱਧ ਪੀਂਦਾ ਹੈ ਤੇ ਉਸਨੂੰ ਜ਼ਹਿਰ ਬਣਾ ਦਿੰਦਾ ਹੈ। ਰੁੱਖ ਜ਼ਹਿਰੀਲੀ ਗੈਸ ਪੀ ਕੇ ਪ੍ਰਾਣ ਦੇਣ ਵਾਲੀ ਆਕਸੀਜਨ ਬਣਾ ਦੇਂਦੇ ਹਨ। ਇਸੇ ਤਰ੍ਹਾਂ ਸਤਿਗੁਰੂ ਵੀ ਸੰਸਾਰ ਦੀ ਘ੍ਰਿਣਾ, ਹਿੰਸਾ, ਵੈਰ-ਵਿਰੋਧ ਰੂਪੀ ਜ਼ਹਿਰ ਲੈ ਕੇ ਪ੍ਰੀਤ, ਨਿਮਰਤਾ, ਸਦਭਾਵ ਰੂਪੀ ਅੰਮ੍ਰਿਤ ਪ੍ਰਦਾਨ ਕਰਦੇ ਹਨ। ਅਗਰ ਇਨਸਾਨ ਦਾ ਭਾਵ ਸ਼ੁਧ ਹੋ ਜਾਏ ਤਾਂ ਪਰਿਆਵਰਣ ਨੂੰ ਵੀ ਸ਼ੁਧ ਕਰਨ ਵਿਚ ਸਫਲਤਾ ਮਿਲ ਸਕਦੀ ਹੈ।

● ਸਤਿਗੁਰੂ ਬਾਬਾ ਜੀ ਨੇ ਇਸ ਮੌਕੇ ਤੇ ਅਨੇਕਾਂ ਪ੍ਰਸਿੱਧ ਸੰਸਥਾਵਾਂ ਨੂੰ ਸਰਵਸ੍ਰੇਸ਼ਠਤਾ ਹਿਤ 'ਗੋਲਡਨ ਪੀਕਾਕ (ਸਵਰਣ ਮਿਊਰ) ਅਵਾਰਡ' ਪ੍ਰਦਾਨ ਕੀਤਾ। ਕਾਰਪੋਰੇਟ ਪ੍ਰਮੁੱਖਾਂ ਅਤੇ ਸੀਨੀਅਰ ਪ੍ਰਬੰਧਕਾਂ ਵਿਚ ਸਤਿਗੁਰੂਬਾਬਾ ਜੀ ਦੀ ਪਾਵਨ ਮੌਜੂਦਗੀ ਅਤੇ ਉਹਨਾਂ ਦੇ ਕਰ ਕਮਲਾਂ ਨਾਲ ਪੁਰਸਕਾਰ ਪ੍ਰਾਪਤ ਕਰਦੇ ਹੋਏ ਉਤਸੁਕਤਾ ਅਤੇ ਖੁਸ਼ੀ ਦਿਖਾਈ ਦਿੱਤੀ। ਸਤਿਗੁਰੂਬਾਬਾ ਜੀ ਦੇ ਨਾਲ ਸਵੀਡਨ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਔਲਾ ਉਲਸਟੇਨ ਅਤੇ ਡਾ: ਮਾਧਵ ਮਹਿਰਾ ਵੀ ਮੌਜੂਦ ਰਹੇ। ਸਤਿਗੁਰੂ ਬਾਬਾ ਜੀ ਦੇ ਕਰ ਕਮਲਾਂ ਰਾਹੀਂ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚ ਪ੍ਰਮੁੱਖ ਸੰਸਥਾਵਾਂ ਸਨ :- ਓ. ਐਨ. ਜੀ.

ਸੀ., ਸੁਜਲਾਨ ਐਨੇਰਜੀ ਲਿਮਟਿਡ, ਭਿਲਾਈ ਸਟੀਲ ਪਲਾਂਟ ਭਿਲਾਈ, ਜੀ. ਈ. ਇੰਡੀਆ, ਰਿਲਾਇੰਸ ਇੰਡਸਟ੍ਰੀ ਜ਼ਹਜੀਰਾ, ਸ੍ਰੀ ਸੀਮਿੰਟ ਏਸੀਸੀ ਸੀਮਿੰਟ ਮੁੰਬਈ, ਇੰਡੀਅਨ ਆਇਲ ਕਾਰਪੋਰੇਸ਼ਨ, ਟਾਟਾ ਇੰਡੀਆ ਲਿਮਟਿਡ, ਹਿੰਦੁਸਤਾਨ ਜਿੰਕ ਵਿਸ਼ਾਖਾਪਟਨਮ, ਏਸਸਾਰ ਸਟੀਲ ਹਜੀਰਾ, ਐਲ. ਜੀ. ਇਲਕਟ੍ਰਾਨਿਕਸ, ਆਈ. ਟੀ. ਸੀ. ਗੰਲ ਇੰਡੀਆ ਲਿ:, ਏਵ. ਜੀ. ਸੀ. ਐਲ., ਰੇਲ ਕੋ ਫੈਕਟਰੀ, ਐਨ. ਟੀ. ਜੀ. ਸੀ., ਬੋਕਾਰੋ ਸਟੀਲ, ਰੇਲ ਵਹੀਲ ਫੈਕਟਰੀ ਬੰਗਲੌਰ, ਟਾਈਟਨ ਐਲ ਐਂਡ ਟੀ., ਜਿੰਦਲ ਸਟੀਲ, ਅਸ਼ੋਕ ਲੀਲੈਂਡ ਆਦਿ।

● ਕਨਵੇਂਸ਼ਨ ਨੂੰ ਸੰਬੋਧਿਤ ਕਰਨ ਵਲਿਆਂ ਵਿਚ ਸਤਿਗੁਰੂ ਬਾਬਾ ਜੀ ਦੇ ਇਲਾਵਾ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਪ੍ਰੇਮ ਕੁਮਾਰ ਧੂਮਲ, ਸਵੀਡਨ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਐਲਾ ਉਲਸਟੇਨ, ਵਰਲਡ ਇਨਵਾਇਰਨਮੈਂਟ ਫਾਊਂਡੇਸ਼ਨ ਦੇ ਪ੍ਰਧਾਨ ਡਾ: ਮਾਧਵ ਮਹਿਰਾ, ਉਪਾਅਧਿਅਕਸ਼ ਲੈਫਟੀਨੇਂਟ ਜਨਰਲ ਜੇ. ਐਸ. ਆਹਲੂਵਾਲੀਆ, ਯੂ. ਕੇ. ਦੇ ਸਾਂਸਦ ਬਰਾਨੇਸ ਫਲੇਦਰ, ਮਿਯਾਮੀ ਯੂਨੀਵਰਸਿਟੀ ਦੇ ਪ੍ਰੋਫੈਸਰ ਜਾਨ ਡੀ. ਡੇਨੀਅਲ, ਕੈਂਡਬਰੀ ਦੇ ਸਾਬਕਾ ਪ੍ਰਧਾਨ ਮੈਥਿਊ ਕੈਂਡਬਰੀ, ਸਾਨ-ਫਰਾਂਸਿਸਕੋ ਦੇ ਮੇਅਰ ਸੀ. ਓ. ਰਟੇਗਾ, ਯੋਜਨਾ ਆਯੋਗ ਦੇ ਮੈਂਬਰ ਡਾ: ਵੀ. ਐਲ. ਚੋਪੜਾ, ਜੀ. ਈ. ਕੇ. ਐਮ. ਡੀ. ਡਾ: ਗੁਲਰਮੋ ਵਿਲਗੋ ਆਦਿ ਸ਼ਾਮਿਲ ਸਨ।

ਪਰਿਆਵਰਣ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਨਿਰੰਕਾਰੀ ਬਾਬਾ ਜੀ ਨੇ ਕਿਹਾ ਪਰਿਆਵਰਣ ਦੀ ਰੱਖਿਆ ਹਰ ਵਿਅਕਤੀ ਨੂੰ ਕਰਨੀ ਪਏਗੀ ਅਤੇ ਸਾਰੇ ਰਾਸ਼ਟਰਾਂ ਨੂੰ ਇਸ ਕਾਰਜ ਵਿਚ ਅੱਗੇ ਆਉਣਾ ਪਏਗਾ। ਮਾਨਵਤਾ ਦੀ ਰੱਖਿਆ ਹਿਤ ਸਾਰਿਆਂ ਦਾ ਸਾਂਝਾ ਯਤਨ ਜ਼ਰੂਰੀ ਹੈ। ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਡਾ: ਮਾਧਵ ਮਹਿਰਾ ਅਤੇ ਆਪ ਸਾਰੇ ਇਸ ਯਤਨ ਵਿਚ ਲੱਗੇ ਹੋ, ਦਾਤਾਰ ਇਸ ਕਾਰਜ ਵਿਚ ਆਪ ਸਾਰਿਆਂ ਨੂੰ ਸਫਲਤਾ ਦਏ। ਡਾ: ਮਾਧਵ ਮਹਿਰਾ ਨਾਲ ਅਕਤੂਬਰ 2006 ਵਿਚ ਮਿਸ਼ਨ ਦੁਆਰਾ ਆਯੋਜਿਤ ਸੈਮੀਨਾਰ ਵਿਚ ਮੁਲਾਕਾਤ ਦਾ ਜਿਕਰ ਕਰਦੇ ਹੋਏ ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਮਿਸ਼ਨ ਅਨੇਕਾਂ ਸੈਮੀਨਾਰਾਂ ਦਾ ਆਯੋਜਨ ਕਰ ਰਿਹਾ ਹੈ। ਅਧਿਆਤਮਿਕਤਾ ਨੂੰ ਅਪਨਾ ਕੇ ਇਨਸਾਨ ਵਿਚ Universatism (ਸਾਰਵਭੌਮਿਕਤਾ) ਅਤੇ

Peaceful Co-existence (ਸ਼ਾਂਤੀਪੂਰਣ ਸਹਿਹੋਂਦ) ਦੀ ਭਾਵਨਾ ਆਉਂਦੀ ਹੈ, ਜੋ ਮਾਨਵਤਾ ਅਤੇ ਪਰਿਆਵਰਣ ਦੀ ਰੱਖਿਆ ਦਾ ਆਧਾਰ ਬਣਦੀ ਹੈ।

● ਗੁਰੂਦੇਵ ਹਰਦੇਵ ਨੇ ਕਿਹਾ ਕਿ ਦਾਸ ਕੁਝ ਦਿਨ ਪਹਿਲਾਂ ਜਦ ਆਪਣੀ ਨੰਨੀ ਦੋਹਤੀ (ਸਮਪ੍ਰੀਤੀ ਸਪੁੱਤਰੀ ਭੈਣ ਸਮਤਾ ਅਤੇ ਸੰਦੀਪ ਖਿੰਡਾ ਜੀ) ਨੂੰ ਵੇਖ ਰਿਹਾ ਸੀ ਤਦ ਇਹੀ ਭਾਵ ਆਇਆ ਕਿ ਅਸੀਂ ਆਉਣ ਵਾਲੀ ਪੀੜੀ ਨੂੰ ਕਿਹੋ ਜਿਹਾ ਸੰਸਾਰ ਦੇ ਕੇ ਜਾਵਾਂਗੇ ?

● ਗਲੋਬਲ ਕਨਵੇਂਸ਼ਨ ਵਿਚ ਮਿਸ਼ਨ ਦੇ ਮੁੱਖ ਸਕੱਤਰ ਸ੍ਰੀ ਗੋਬਿੰਦ ਸਿੰਘ, ਪ੍ਰਕਾਸ਼ਨ, ਪ੍ਰੈਸ ਅਤੇ ਇੰਟਰਨੈਟ ਵਿਭਾਗ ਦੇ ਇੰਚਾਰਜ ਸ੍ਰੀ ਕਿਰਪਾ ਸਾਗਰ, ਸਿਖਿਆ ਪ੍ਰਕਾਸ਼ਨ, ਵਿਕਰੀ ਅਤੇ ਸਟੋਰਜ਼ ਇੰਚਾਰਜ ਸ੍ਰੀਮਤੀ ਰਾਜ ਵਾਸਦੇਵ ਸਿੰਘ, ਜਨਸੰਪਰਕ ਵਿਭਾਗ ਦੇ ਇੰਚਾਰਜ ਮੇਜਰ ਜੇ. ਡੀ. ਸ਼ਰਮਾ, ਸ੍ਰੀ ਸੰਦੀਪ ਖਿੰਡਾ, ਸ੍ਰੀ ਵਾਸਦੇਵ ਸਿੰਘ- ਉਪ ਮੁਖ ਸਿਖਸ਼ਕ ਸੰ: ਨਿੰ: ਸੇਵਾਦਲ (ਦਿੱਲੀ) ਸਹਿਤ ਅਨੇਕਾਂ ਸੱਜਣ ਸ਼ਾਮਿਲ ਹੋਏ।

● ਪਾਲਮਪੁਰ ਕਨਵੇਂਸ਼ਨ ਵਿਚ ਸਤਿਗੁਰੂਬਾਬਾ ਜੀ ਦੇ ਆਗਮਨ ਨਾਲ ਵਾਤਾਵਰਣ ਬਹੁਤ ਹੀ ਉਤਸ਼ਾਹਪੂਰਣ ਹੋ ਗਿਆ। ਹਿਮਾਚਲ ਪ੍ਰਦੇਸ਼ ਦੇ ਸੂਚਨਾ ਅਤੇ ਜਨਸੰਪਰਕ ਵਿਭਾਗ ਦੇ ਕਲਾਕਾਰਾਂ ਰਾਹੀਂ ਬਾਬਾ ਜੀ ਦੇ ਸਨਮਾਨ ਲਈ ਲਿਖੀ ਗਈ ਸੁੰਦਰ ਰਚਨਾ ਵਿਸ਼ੇਸ਼ ਰੂਪ ਨਾਲ ਪੇਸ਼ ਕੀਤੀ ਗਈ।

● ਰੰਗਾਰੰਗ ਗੀਤ-ਸੰਗੀਤ ਸ਼ਾਮ ਵਿਚ ਸਥਾਨਕ ਸਕੂਲਾਂ ਦੇ ਬੱਚਿਆਂ ਨੇ ਸ਼ਾਨਦਾਰ ਚਿੰਤਾਜਨਕ ਸੰਗੀਤਮਈ ਪੇਸ਼ਕਸ਼ ਨਾਲ ਸਾਰਿਆਂ ਦਾ ਮਨ ਮੋਹ ਲਿਆ।

● ਸਤਿਗੁਰੂ ਬਾਬਾ ਜੀ ਰਾਹੀਂ ਮਾਨਵ ਲੜੀ ਦਾ ਉਦਘਾਟਨ ਵਿਸ਼ੇਸ਼ ਖਿਚ ਦਾ ਕੇਂਦਰ ਰਿਹਾ। ਹਜ਼ਾਰਾਂ ਲੋਕ ਪਾਲਮਪੁਰ-ਬੈਜਨਾਥ ਮੁੱਖ ਮਾਰਗ ਤੇ ਲੰਮੀਆਂ ਲਾਇਨਾਂ ਵਿਚ ਹੱਥ ਵਿਚ ਹੱਥ ਮਿਲਾ ਕੇ ਗੁਰੂਦੇਵ ਹਰਦੇਵ ਜੀ ਦੀ ਹਜ਼ੂਰੀ ਵਿਚ ਸੰਕਲਪ ਕਰਦੇ ਦਿਸੇ। ਇਥੇ ਬਾਬਾ ਜੀ ਦੂਸਰੀ ਮੰਜ਼ਿਲ ਤੇ ਬਣਾਏ ਗਏ ਮੰਚ ਤੇ ਡਾ: ਐਲਾ ਉਲਸਟੇਨ ਅਤੇ ਡਾ: ਮਾਧਵ ਮਹਿਰਾ ਦੇ ਨਾਲ ਬਿਰਾਜਮਾਨ ਸਨ।

● ਪਾਲਮਪੁਰ ਵਿਚ ਉਤਰ ਰੇਲਵੇ ਦੇ ਰੈਸਟ ਹਾਊਸ ਵਿਚ ਬਾਬਾ ਜੀ ਦਾ ਰੇਲਵੇ ਅਧਿਕਾਰੀਆਂ ਅਤੇ ਸਥਾਨਕ ਮਹਾਂਪੁਰਸ਼ਾਂ ਨੇ ਨਿੱਘਾ ਸੁਆਗਤ ਕੀਤਾ ।

- ਬਾਬਾ ਜੀ ਦਾ ਇਥੇ ਦੋ ਘੰਟੇ ਰੁਕਣਾ ਯਾਦਗਰ ਬਣ ਗਿਆ ਕਿਉਂਕਿ ਹਜ਼ਾਰਾਂ ਸ਼ਰਧਾਲੂਆਂ ਨੂੰ ਆਨੰਦਿਤ ਕੀਤਾ।

● ਸ਼ਾਮ ਨੂੰ ਮਾਰਣਡਾ, ਪਾਲਮਪੁਰ ਭਵਨ ਵਿਚ ਵੀ ਬਾਬਾ ਜੀ ਦੇ ਦਰਸ਼ਨਾਹਿਤ ਹਜ਼ਾਰਾਂ ਮਹਾਂਪੁਰਸ਼ ਇੱਕਠੇ ਸਨ। ਬਾਬਾ ਜੀ ਇਥੋਂ ਸਿੱਧਾ ਸੁਜਾਨਪੁਰ ਟਿਹਰਾ ਲਈ ਰਵਾਨਾ ਹੋ ਗਏ, ਜਿਥੇ ਅਗਲੇ ਦਿਨ ਹਿਮਾਚਲ ਪ੍ਰਦੇਸ਼ ਦਾ ਪ੍ਰਾਂਤਿਕ ਸਮਾਗਮ ਹੋਣਾ ਸੀ।

ਮਨੁੱਖ ਜਿਸਮ ਦੇ ਨਾਲ-ਨਾਲ ਕਰਮ ਨਾਲ ਵੀ ਮਨੁੱਖ ਬਣੇ

ਹਿਮਾਚਲ-ਪ੍ਰਦੇਸ਼ ਦੇ ਪੰਜਵੇਂ ਰਾਜ ਪੱਧਰ ਦੇ ਸੰਤ ਸਮਾਗਮ ਵਿਚ ਸਤਿਗੁਰੂ ਬਾਬਾ ਜੀ ਦੀ ਪ੍ਰੇਰਣਾ

● ਸਾਡੇ ਪ੍ਰਤੀਨਿਧੀ ਰਾਹੀ

ਸੁਜਾਨਪੁਰ ਟਿਹਰਾ,1 ਜੂਨ। ਹਿਮਾਚਲ ਪ੍ਰਦੇਸ਼ ਦਾ ਰਾਜ ਪੱਧਰ ਦਾ ਸੰਤ ਸਮਾਗਮ ਅੱਜ ਇਥੋਂ ਦੇ ਵਿਸ਼ਾਲ ਮੈਦਾਨ ਵਿਚ ਆਯੋਜਿਤ ਕੀਤਾ ਗਿਆ। ਸੰਤ ਸਮਾਗਮ ਵਿਚ ਹਿਮਾਚਲ ਦੇ ਵਿਭਿੰਨ ਸਥਾਨਾਂ ਤੋਂ ਆਏ ਹਜ਼ਾਰਾਂ ਸ਼ਰਧਾਲੂਆਂ ਨੇ ਹਿੱਸਾ ਲਿਆ।

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ, ਪਾਲਮਪੁਰ ਵਿਚ ਆਯੋਜਿਤ ਗਲੋਬਲ ਕਨਵੇਸ਼ਨ ਆਨ ਕਲਾਈਮਿਟ ਚੇਂਜ (ਮੌਸਮ ਪ੍ਰੰਵਰਤਨ ਤੇ ਆਯੋਜਿਤ ਵਿਸ਼ਵ ਸੰਮੇਲਨ) ਨੂੰ ਸੰਬੋਧਿਤ ਕਰਨ ਦੇ ਬਾਦ ਇਥੇ ਪਹੁੰਚੇ।

ਹਿਮਾਚਲ ਪ੍ਰਦੇਸ਼ ਦੀਆਂ ਸੰਗਤਾਂ ਰਾਹੀ ਸਤਿਗੁਰੂ ਬਾਬਾ ਜੀ ਅਤੇ ਨਿਰੰਕਾਰੀ ਰਾਜਮਾਤਾ ਜੀ ਦਾ, ਇਥੇ ਪਧਾਰਣ ਤੇ ਨਿੱਘਾ ਸੁਆਗਤ ਕੀਤਾ ਗਿਆ। ਵੱਖ-ਵੱਖ ਪਹਿਰਾਵੇ ਅਤੇ ਪਰੰਪਰਾਵਾਂ ਦੇ ਪ੍ਰਦਰਸ਼ਨ ਰਾਹੀ ਭਗਤਜਨਾਂ ਨੇ ਅਨੇਕਤਾ ਵਿਚ ਏਕਤਾ ਦਾ ਭਾਵ ਪ੍ਰਗਟ ਕੀਤਾ।

ਇਸ ਇਕ ਦਿਵਸੀ ਸੰਤ ਸਮਾਗਮ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕਿਹਾ ਕਿ ਸੰਤਜਨਾਂ ਨੇ ਯੁਗਾਂ-ਯੁਗਾਂ ਤੋਂ ਕਲਿਆਣ ਦਾ ਮਾਰਗ ਦੱਸਿਆ ਹੈ। ਜੋ ਇਸ ਮਾਰਗ ਤੇ ਚਲ ਪੈਂਦਾ ਹੈ ਉਹ ਆਪਣਾ ਜੀਵਨ ਸੁਧਾਰ ਲੈਂਦਾ ਹੈ।

ਬਾਬਾ ਜੀ ਨੇ ਕਿਹਾ ਕਿ ਮਾਨਵ ਦਾ ਜਿਸਮ ਪਾ ਲੈਣਾ ਮਾਨਵ ਹੋਣ ਦੀ ਪਹਿਚਾਨ ਨਹੀਂ ਹੈ। ਮਾਨਵ ਹੋਣ ਦੀ ਪਹਿਚਾਨ ਤਾਂ ਮਾਨਵਤਾ ਦੇ ਗੁਣਾਂ ਨੂੰ ਧਾਰਣ ਕਰਨਾ ਹੁੰਦਾ ਹੈ। ਇਹ ਪਹਿਚਾਨ ਆਪਣੇ ਕਰਮਾਂ ਨਾਲ ਬਣਾਉਣੀ ਪੈਂਦੀ ਹੈ। ਅੱਜ ਇਨਸਾਨ ਦੁਆਰਾ ਇਨਸਾਨ ਦਾ ਹੀ ਨੁਕਸਾਨ ਕੀਤਾ ਜਾ ਰਿਹਾ ਹੈ। ਭੇਡ-ਬੱਕਰੀ ਦਾ ਵੈਰੀ ਭੇੜੀਆ ਹੈ। ਭੇੜੀਏ ਦਾ ਵੈਰੀ ਸ਼ੇਰ ਹੈ। ਸੱਪ ਦਾ ਵੈਰੀ ਨੇਵਲਾ ਹੈ ਲੇਕਿਨ ਆਦਮੀ ਦਾ ਵੈਰੀ ਆਦਮੀ ਹੀ ਹੈ। ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅੱਜ ਮਾਨਵ ਨੂੰ ਮਾਨਵ ਤੋਂ ਹੀ ਖ਼ਤਰਾ ਹੈ। ਹਰ ਕਿਸੇ ਦੀ ਜਿੰਮੇਵਾਰੀ ਹੈ ਕਿ ਅਜਿਹੇ ਵਾਤਾਵਰਣ ਵਿਚ ਸੁਧਾਰ ਲਿਆਵੇ। (ਸਤਿਗੁਰੂ ਬਾਬਾ ਜੀ ਦੇ ਸੰਪੂਰਣ ਪ੍ਰਵਚਨ ਇਸੇ ਪੜ੍ਹਕਾ ਦੇ ਪੰਨਾ 17 ਤੇ ਮੌਜੂਦ ਹਨ।)

ਆਪ ਤੋਂ ਪਹਿਲਾਂ ਨਿਰੰਕਾਰੀ ਰਾਜ ਮਾਤਾ ਜੀ ਨੇ ਕਿਹਾ ਕਿ ਹਰ ਪ੍ਰਾਣੀ ਵਿਚ ਪ੍ਰਮਾਤਮਾ ਦਾ ਜੋ ਦੀਦਾਰ ਕਰਦੇ ਹਨ ਉਹ ਇਹ ਮਹਿਸੂਸ ਕਰਦੇ ਹਨ ਕਿ :-

ਤੁਲਸੀ ਇਸ ਸੰਸਾਰ ਮੇਂ ਸਬਸੇ ਮਿਲੀਏ ਧਾਏ।
ਨਾ ਜਾਨੇ ਕਿਸ ਵੇਸ਼ ਮੇਂ ਨਰਾਇਣ ਮਿਲ ਜਾਏ।

ਜਦ ਜੀਵਨ ਵਿਚ ਸਤਿਗੁਰੂ ਨਾਲ ਮਿਲਾਪ ਹੁੰਦਾ ਹੈ ਤਾਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ। ਸਤਿਗੁਰੂ ਸਿਰਫ ਨਾਮ ਨਹੀਂ ਦੇਂਦਾ ਬਲਕਿ ਰਾਮ ਨਾਲ ਮਿਲਾ ਦੇਂਦਾ ਹੈ।

ਰਾਮ ਦਾ ਨਾਮ ਲੈਣ ਵਾਲੇ ਤਾਂ ਬਹੁਤ ਹਨ। ਭਿਖਾਰੀ ਸਵੇਰ ਤੋਂ ਲੈ ਕੇ ਸ਼ਾਮ ਤਕ ਰਾਮ ਦਾ ਨਾਂ ਲੈਂਦੇ ਰਹਿੰਦੇ ਹਨ ਲੇਕਿਨ ਇਸ ਨਾਲ ਉਹ ਭਗਤਾਂ ਦੀ ਸ਼੍ਰੇਣੀ ਵਿਚ ਨਹੀਂ ਆ ਜਾਂਦੇ ਹਨ। ਅਸਲ ਵਿਚ ਉਹਨਾਂ ਦਾ ਧਿਆਨ ਇਸ ਪਾਸੇ ਲੱਗਾ ਰਹਿੰਦਾ ਹੈ ਕਿ ਉਹਨਾਂ ਦੇ ਕਟੋਰੇ ਵਿਚ ਕੌਣ ਕਿੰਨੇ ਪੈਸੇ ਪਾਉਂਦਾ ਹੈ ਜਦਕਿ ਭਗਤ ਦਾ ਧਿਆਨ ਸਦਾ ਪ੍ਰਭੂ ਵੱਲ ਹੀ ਹੁੰਦਾ ਹੈ।

ਪਰਮ ਪੂਜਯ ਰਾਜ ਮਾਤਾ ਜੀ ਨੇ ਕਿਹਾ ਕਿ ਮਾਇਆ ਨਾਲ ਪਦਾਰਥ ਮਿਲ ਸਕਦੇ ਹਨ ਪ੍ਰੰਤੂ ਸੱਚਾ ਸੁੱਖ ਤਾਂ ਸਤਿਗੁਰੂ ਦੀ ਸ਼ਰਨ ਵਿਚ ਆਉਣ ਨਾਲ ਹੀ ਮਿਲਦਾ ਹੈ। ਉਹਨਾਂ ਨੇ ਕਿਹਾ :-

ਸੁਖ ਕਿਤੇ ਨਾ ਮਿਲਦਾ ਜੀ ਸੁਖ ਸਤਿਗੁਰੂ ਦੀ ਸ਼ਰਨੀ

ਸੰਤ ਸਮਾਗਮ ਵਿਚ ਸਰਵ ਸ਼੍ਰੀ ਸੰਦੀਪ ਖਿੰਡਾ ਜੀ (ਗੁੜਗਾਉਂ), ਰਸ਼ੀਦਾ ਬੇਗਮ (ਇੰਗਲੈਂਡ), ਡਾ: ਪ੍ਰਵੀਨ ਆਚਾਰੀਆ (ਸਰਕਾਘਾਟ), ਤੇਜ ਸਿੰਘ (ਕੁਲੂ), ਵਿਵੇਕ ਲਹੀਰ (ਦਿੱਲੀ), ਰਜਵੰਤ ਕੌਰ (ਸ਼ਿਮਲਾ), ਦੁਨੀਚੰਦ (ਚੰਬਾ), ਸ਼੍ਰੀ ਗੋਬਿੰਦ ਸਿੰਘ (ਮੁਖ ਸਕੱਤਰ ਸੰ: ਨਿੰ: ਮੰ: ਦਿੱਲੀ), ਸ਼੍ਰੀ ਵੀ. ਡੀ. ਨਾਗਪਾਲ (ਇੰਚਾਰਜ ਭਵਨ ਨਿਰਮਾਣ ਵਿਭਾਗ ਸੰ: ਨਿੰ: ਮੰ:) ਅਤੇ ਗਤਿਕਾਰ ਜਗਤ ਜੀ, ਕਮਲ ਜੀ ਸਹਿਤ ਅਨੇਕਾਂ ਵਿਚਾਰਕਾਂ, ਕਵੀਆਂ ਅਤੇ ਗੀਤਕਾਰਾਂ ਨੇ ਆਪਣੀ ਹਾਜ਼ਰੀ ਲਗਵਾਈ।

ਬਾਕੀ ਰਾਜ ਪੱਧਰੀ ਸੰਤ ਸਮਾਗਮਾਂ ਦੀ ਤਰ੍ਹਾਂ ਇਹ ਸਮਾਗਮ ਵੀ ਭਵਿੱਖ ਵਿਚ ਦੋ ਦਿਨਾਂ ਦਾ ਹੋਇਆ ਕਰੇਗਾ, ਅਜਿਹੀਆਂ ਸ਼ੁਭਕਾਮਨਾਵਾਂ ਦੇ ਸੰਕੇਤ ਸਤਿਗੁਰੂ ਬਾਬਾ ਜੀ ਨੇ ਦਿੱਤੇ ਹਨ।

ਸਮਾਗਮ ਸਥਾਨ ਤੇ ਪੜ੍ਹਕਾ, ਪ੍ਰਕਾਸ਼ਨ ਆਦਿ ਦੇ ਸਟਾਲ ਤਾਂ ਲਗਾਏ ਹੀ ਸਨ, ਲੰਗਰ ਆਦਿ ਸਹੂਲਤਾਂ ਦੀ ਵੀ ਭਰਪੂਰ ਵਿਵਸਥਾ ਸੀ।

■

ਗਰਜ਼ ਦੀਆਂ ਬੁਨਿਆਦਾਂ ਤੇ ਟਿਕਿਆ ਪਿਆਰ ਸੱਚਾ ਨਹੀਂ ਹੁੰਦਾ

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੀ ਮਾਨਵ ਕਲਿਆਣ ਯਾਤਰਾ

• ਵਿਵੇਕ ਰਵੀਕ ਰਾਹੀ

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ, ਆਪਣੇ ਕੁਝ ਸਹਿਯੋਗੀਆਂ ਦੇ ਨਾਲ 29 ਮਈ 2008 ਨੂੰ ਸਵੇਰੇ ਲਗਭਗ ਸਾਢੇ ਅੱਠ ਵਜੇ ਦਿੱਲੀ ਤੋਂ ਰਵਾਨਾ ਹੋਏ। ਰਾਹ ਵਿਚ ਸਭ ਤੋਂ ਪਹਿਲਾਂ, ਪਟਿਆਲਾ ਤੋਂ ਲਗਭਗ 20 ਕਿਲੋਮੀਟਰ ਦੂਰ ਕੰਸੂਆ ਖੁਰਦ ਨਾਮਕ ਪਿੰਡ ਵਿਚ ਸਤਿਸੰਗ ਲਈ ਖਰੀਦੀ ਗਈ ਜ਼ਮੀਨ ਦਾ ਨਿਰੀਖਣ ਕੀਤਾ।

ਬਾਦ ਵਿਚ ਬ੍ਰਹਮਲੀਨ ਕਵੀ ਦਰਬਾਰਾ ਸਿੰਘ ਜੀ ਦੇ ਘਰ ਇਕੱਠੇ ਹੋਏ ਲਗਭਗ 150-200 ਸਰਧਾਲੂਆਂ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਜੀ ਨੇ ਫਰਮਾਇਆ ਕਿ ਭਗਤ ਸਦਾ ਸਾਦਗੀ ਭਰਪੂਰ ਜੀਵਨ ਜਿਉਂਦੇ ਹੋਏ ਵੀ ਭਗਤੀ ਦਾ ਆਨੰਦ ਪ੍ਰਾਪਤ ਕਰਦੇ ਹਨ। ਨਿਰੰਕਾਰ ਪ੍ਰਭੂ ਤੇ ਅਡੋਲ ਵਿਸ਼ਵਾਸ਼ ਰਾਹੀ ਸੇਵਾ, ਸਿਮਰਨ, ਸਤਿਸੰਗ ਅਤੇ ਪ੍ਰਭੂ ਦਾ ਨਿਰੰਤਰ ਅਹਿਸਾਸ ਕਰਦੇ ਹੋਏ ਜਿਥੇ ਖੁਦ ਆਨੰਦ ਪ੍ਰਾਪਤ ਕਰਦੇ ਹਨ, ਉਥੇ ਹੋਰ ਅਨੇਕਾਂ ਨੂੰ ਵੀ ਇਸ ਪਾਸੇ ਪ੍ਰੇਰਿਤ ਕਰਦੇ ਹਨ।

ਰਸਤੇ ਵਿਚ ਇੱਕ-ਦੋ ਹੋਰ ਥਾਵਾਂ ਤੇ ਸਰਧਾਲੂਆਂ ਨੂੰ ਦਰਸ਼ਨ ਦੇ ਕੇ ਪੂਜਯ ਬਾਬਾ ਜੀ ਲਗਭਗ ਦੋ ਵਜੇ ਆਪ ਨਾਭਾ ਪਧਾਰੇ। ਇਥੇ ਬਾਲ ਸੇਵਾਦਲ ਦੇ ਮੈਂਬਰਾਂ ਨੇ ਭੰਗੜਾ ਪਾ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਸ੍ਰੀ ਨਿਰੰਜਨ ਸਿੰਘ ਜੀ (ਆਈ. ਏ. ਐਸ.), ਸ੍ਰੀ ਅਮਰਜੀਤ ਸਿੰਘ ਜੀ (ਜੋਨਲ ਇੰਚਾਰਜ) ਅਤੇ ਭੈਣ 'ਜੋਗੀ' ਜੀ (ਇੰਚਾਰਜ, ਪ੍ਰਚਾਰ ਵਿਭਾਗ), ਡਾ. ਇਕਬਾਲਜੀਤ ਰਾਏ (ਕਾਰਜਕਾਰੀ ਪ੍ਰਧਾਨ, ਕਾਰਜਕਾਰਣੀ ਕਮੇਟੀ, ਸੰ. ਨਿੰ. ਮੰ., ਯੂ. ਐਸ. ਏ.) ਆਦਿ ਨੇ ਫੁੱਲਾਂ ਦੇ ਹਾਰ ਪਾ ਕੇ ਬਾਬਾ ਜੀ ਦਾ ਸੁਆਗਤ ਕੀਤਾ। ਸਤਿਸੰਗ ਭਵਨ ਵਿਚ ਹਾਜ਼ਰ ਹਜ਼ਾਰਾਂ ਦੀ ਗਿਣਤੀ ਵਿਚ ਸਾਧ ਸੰਗਤ ਦੇ ਜੈਕਾਰਿਆਂ ਨਾਲ ਵਾਤਾਵਰਣ ਵਿਚ ਜੋਸ਼ ਅਤੇ ਉਤਸ਼ਾਹ ਭਰ ਗਿਆ। ਭਗਤਵੱਸਲ ਸਤਿਗੁਰੂ ਨੇ ਆਪਣੀ ਮਨਮੋਹਣੀ ਮੁਸਕਾਨ ਨਾਲ ਹੱਥ ਹਿਲਾਉਂਦੇ ਹੋਏ ਸਰਧਾਲੂਆਂ ਦਾ ਪ੍ਰੇਮ ਭਰਿਆ ਸੁਆਗਤ ਸਵੀਕਾਰ ਕੀਤਾ।

ਹਜ਼ੂਰ ਨੇ ਛੋਟੀ ਪਿੰਡ ਸਹਿਤ 2-3 ਸਥਾਨਾਂ ਤੇ ਸਰਧਾਲੂਆਂ ਨੂੰ ਦਰਸ਼ਨਾਂ ਦੇ ਕੇ ਕ੍ਰਿਤਾਰਥ ਕੀਤਾ।

ਬਾਅਦ ਵਿਚ ਨਾਭਾ ਦੀ ਅਨਾਜ਼ਮੰਡੀ ਵਿਚ ਇੱਕਠੇ ਹੋਏ ਹਜ਼ਾਰਾਂ ਸਰਧਾਲੂਆਂ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕਿਹਾ ਕਿ- ਅੱਜ ਦਿਲਾਂ ਵਿਚੋਂ ਪਿਆਰ ਖਤਮ ਹੁੰਦਾ ਜਾ ਰਿਹਾ ਹੈ, ਇਕ ਹੀ ਦੇਸ਼ ਦੇ ਵਾਸੀ ਹੁੰਦੇ ਹੋਏ ਲੋਕ,ਭਾਸ਼ਾ, ਸੰਸਕ੍ਰਿਤੀ ਅਤੇ ਜਾਤ-ਪਾਤ ਦੇ ਆਧਾਰ ਤੇ ਇੱਕ-ਦੂਸਰੇ ਨਾਲ ਲੜ-ਝਗੜ ਕੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਖ਼ਤਮ ਕਰ ਰਹੇ ਹਨ। ਅੱਜ ਦੇਸ਼ ਵਿਚ ਅਜਿਹੇ ਹਾਲਾਤ ਪੈਦਾ ਹੋ ਰਹੇ ਹਨ, ਇੰਝ ਲੱਗਦਾ ਹੈ ਕਿ ਸਾਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਜਾਣ ਲਈ ਵੀਜ਼ਾ ਲਗਵਾਉਣ ਦੀ ਜ਼ਰੂਰਤ ਹੀ ਨਾ ਪੈ ਜਾਏ। ਇਸ ਲਈ ਅੱਜ ਹਿਰਦੇ ਵਿਚ ਪਿਆਰ ਵਸਾ

ਕੇ ਜੀਵਨ ਦੀ ਯਾਤਰਾ ਤੈਅ ਕਰਨ ਦੀ ਲੋੜ ਹੈ। ਸਾਨੂੰ ਸਾਰਿਆ ਨਾਲ ਨਿਰਸਵਾਰਥ ਪਿਆਰ ਕਰਨਾ ਚਾਹੀਦਾ ਹੈ, ਕਿਉਂਕਿ ਸਵਾਰਥ ਦੀ ਨੀਂਹ ਤੇ ਟਿਕਿਆ ਪਿਆਰ ਸੱਚਾ ਪਿਆਰ ਨਹੀਂ ਹੈ।

ਆਪਨੇ ਨੇ ਕਿਹਾ ਕਿ ਮਹਾਂਪੁਰਸ਼ਾਂ ਦੇ ਹਿਰਦਿਆਂ ਵਿਚ ਸਾਰਿਆਂ ਦਾ ਭਲਾ ਲੁਕਿਆ ਹੁੰਦਾ ਹੈ। ਜਿਹਨਾਂ ਦੇ ਹਿਰਦਿਆਂ ਵਿਚ ਪਿਆਰ ਨਹੀਂ ਹੈ, ਉਹ ਲੋਕ ਇਸ ਧਰਤੀ ਤੇ ਚਲਦੀਆਂ-ਫਿਰਦੀਆਂ ਲਾਸਾਂ ਦੇ ਬਰਾਬਰ ਹਨ।

ਇਥੇ ਸ੍ਰੀ ਨਿਰੰਜਨ ਸਿੰਘ ਜੀ (ਆਈ. ਏ. ਐਸ.), ਸੰਦੀਪ ਖਿੰਡਾ (ਗੁੜਗਾਉਂ), ਡਾ: ਇਕਬਾਲਜੀਤ ਰਾਏ ਅਤੇ ਏ. ਐਸ. ਬੈਂਸ (ਅਮਰੀਕਾ) ਆਦਿ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਅਗਲਾ ਪ੍ਰੋਗਰਾਮ ਹੁਸ਼ਿਆਰਪੁਰ ਵਿਚ ਆਯੋਜਿਤ ਕੀਤਾ ਗਿਆ ਸੀ। ਬਾਬਾ ਜੀ ਦਾ 30 ਮਈ ਨੂੰ ਇਥੇ ਆਗਮਨ ਹੋਇਆ।

ਮਿਲਟਰੀ ਗਰਾਊਂਡ ਵਿਚ ਆਯੋਜਿਤ ਵਿਸ਼ਾਲ ਸਤਿਸੰਗ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਪ੍ਰਮਾਤਮਾ ਦੇ ਬਾਰੇ ਵਿਚ ਕੇਵਲ ਪੜ੍ਹ ਲੈਣਾ ਹੀ ਕਾਫੀ ਨਹੀਂ ਹੈ। ਜਿਸ ਤਰ੍ਹਾਂ ਪਾਣੀ ਦੇ ਪੀਣ ਨਾਲ ਹੀ ਪਿਆਸ ਬੁਝਦੀ ਹੈ ਇਸੇ ਤਰ੍ਹਾਂ ਪ੍ਰਮਾਤਮਾ ਦੀ ਪ੍ਰਾਪਤੀ ਨਾਲ ਹੀ ਭਗਤੀ ਸ਼ੁਰੂ ਹੁੰਦੀ ਹੈ।

ਬਾਬਾ ਜੀ ਨੇ ਕਿਹਾ ਕਿ ਦੈਮਾਂਦ੍ਰਿਸਟੀ ਨਾਲ ਪ੍ਰਮਾਤਮਾ ਦੇ ਦਰਸ਼ਨ ਸੰਭਵ ਨਹੀਂ ਹਨ। ਸਤਿਗੁਰੂਦੀ ਕ੍ਰਿਪਾ ਨਾਲ ਜਦ ਗਿਆਨ ਦ੍ਰਿਸਟੀ ਮਿਲਦੀ ਹੈ ਤਾਂ ਪਰਮ ਪਿਤਾ ਪ੍ਰਮਾਤਮਾ ਦੀ ਜਾਣਕਾਰੀ ਹੁੰਦੀ ਹੈ।

ਬਾਬਾ ਜੀ ਨੇ ਕਿਹਾ ਕਿ ਇੱਕ ਮੱਛੀ ਤੋਂ ਉਸਦੀ ਸੰਤਾਨ ਮੱਛੀ ਨੇ ਪੁੱਛਿਆ ਕਿ ਅਸੀਂ ਜ਼ਮੀਨ ਤੇ ਕਿਉਂ ਨਹੀ ਰਹਿੰਦੇ? ਮੱਛੀ ਨੇ ਕਿਹਾ – We are fish, we live in water. land is for selfish। (ਅਸੀਂ ਮੱਛੀਆਂ ਹਾਂ, ਅਸੀਂ ਪਾਣੀ ਵਿਚ ਰਹਿੰਦੀਆਂ ਹਾਂ, ਜਮੀਨ ਤਾਂ ਖੁਦਗਰਜ਼ ਲੋਕਾਂ ਲਈ ਹੈ।

ਸ਼ਰਧਾਲੂਆਂ ਦੇ ਮਨ ਵਿਚ ਸਮਾਗਮ ਦਾ ਉਤਸ਼ਾਹ ਐਨਾ ਸੀ ਕਿ ਸ਼ਹਿਰ ਦੀਆਂ ਲਗਭਗ ਸਾਰੀਆਂ ਸੜਕਾਂ ਤੇ ਜਨਸਮੂਹ ਭਾਰੀ ਤਾਦਾਦ ਵਿਚ ਸਮਾਗਮ ਸਥਾਨ ਵੱਲ ਪਹੁੰਚ ਰਿਹਾ ਸੀ। ਸ਼ਹਿਰ ਦੀਆਂ ਨਾਮੀ ਗਰਾਮੀ ਹਸਤੀਆਂ ਦੇ ਨਾਲ-ਨਾਲ , ਸ੍ਰੀ ਤੀਕਸ਼ਣ ਸੂਦ (ਵਨ ਮੰਤਰੀ, ਪੰਜਾਬ) ਨੇ ਵੀ ਸਮਾਗਮ ਸਥਾਨ ਤੇ ਪਹੁੰਚ ਕੇ, ਹਜ਼ੂਰ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਦੇਰ ਰਾਤ ਸਮਾਗਮ ਹੋਣ ਦੇ ਬਾਦ ਸਤਿਗੁਰੂ ਬਾਬਾ ਜੀ ਨੇ ਜੇ. ਸੀ. ਟੀ. ਸਟਾਫ ਕਲੋਨੀ ਵਿਚ ਕੰਪਨੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਸ਼ੀਰਵਾਦ ਪ੍ਰਦਾਨ ਕੀਤਾ।

31 ਮਈ ਨੂੰ ਸਥਾਨਕ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਚ ਵੀ ਬਾਬਾ ਜੀ ਨੇ ਸੰਗਤਾਂ ਨੂੰ ਸੰਬੋਧਿਤ ਕੀਤਾ। ਭਗਤਜਨਾਂ ਨੂੰ ਚੇਤੰਨ ਕਰਦੇ ਹੋਏ ਪੂਜਯ ਬਾਬਾ ਜੀ ਨੇ ਕਿਹਾ ਕਿ ਜਿੰਨੀ ਦੇਰ ਪ੍ਰਭੂ ਨੂੰ ਭੁਲੇ ਹੁੰਦੇ ਹਾਂ, ਓਨੀ ਦੇਰ ਹੀ ਮਨ ਵਿਚ ਵਿਪਰੀਤ ਭਾਵਨਾਵਾਂ ਉਭਰਦੀਆ ਹਨ ਇਸਲਈ ਪ੍ਰਭੂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ।

ਆਪ ਨੇ ਨਿਰੰਤਰ ਸੇਵਾ, ਸਿਮਰਨ, ਸਤਿਸੰਗ ਕਰਨ ਦੀ ਪ੍ਰੇਰਣਾ ਦਿੱਤੀ।

ਸ਼ਾਮ ਨੂੰ ਬਾਬਾ ਜੀ ਨੇ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਵਿਚ ਆਯੋਜਿਤ ਜਲਵਾਯੂਪਰਿਵਰਤਨ ਤੇ ਆਯੋਜਿਤ ਇਕ ਅੰਤਰਰਾਸ਼ਟਰੀ ਸੈਮੀਨਾਰ ਵਿਚ ਸਾਰ-ਭਰਪੂਰ ਪ੍ਰਵਚਨ ਰੱਖੇ (ਇਸ ਅੰਕ ਦੇ ਪੰਨਾ ਤੇ ਰਿਪੋਰਟ ਮੌਜੂਦ ਹੈ)

1 ਜੂਨ ਨੂੰ ਆਪ ਨੇ ਹਿਮਾਚਲ ਪ੍ਰਦੇਸ਼ ਦੇ ਪੰਜਵੇਂ

ਪ੍ਰਾਦੇਸ਼ਿਕ ਸੰਤ ਸਮਾਗਮ ਵਿਚ ਮਾਨਵ ਮਾਤਰ ਨੂੰ ਸਤਿ ਸੰਦੇਸ਼ ਪ੍ਰਦਾਨ ਕੀਤਾ। (ਰਿਪੋਰਟ ਇਸੇ ਅੰਕ ਵਿਚ ਕਿਤੇ ਹੋਰ ਪੜ੍ਹੋ)

3 ਜੂਨ ਨੂੰ ਪੱਛਮੀ ਉਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਨਕੁਡ਼ ਕਸਬੇ ਵਿਚ ਇੱਕਠੇ ਹੋਏ ਹਜ਼ਾਰਾਂ ਧਰਮਪ੍ਰੇਮੀਆਂ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਜਿਨੀ ਦੇਰ ਤਕ ਇਸ ਸਰੀਰ ਵਿਚ ਸਵਾਸ ਚੱਲ ਰਹੇ ਹਨ, ਤਦ ਤਕ ਇਨਸਾਨ ਪਰਮਪਿਤਾ ਪ੍ਰਮਾਤਮਾ ਦੀ ਪ੍ਰਾਪਤੀ ਕਰਕੇ ਮੋਕਸ਼ ਦਾ ਅਧਿਕਾਰੀ ਬਣ ਸਕਦਾ ਹੈ, ਸਵਾਸ ਨਿਕਲ ਜਾਣ ਤੇ ਇਹ ਸੰਭਾਵਨਾ ਸਮਾਪਤ ਹੋ ਜਾਂਦੀ ਹੈ। ਸਚਾਈ ਇਹ ਹੈ ਕਿ ਇਕ ਪ੍ਰਮਾਤਮਾ ਨੂੰ ਜਾਣ ਕੇ ਹੀ ਭਗਤੀ ਕੀਤੀ ਜਾ ਸਕਦੀ ਹੈ।

ਇਥੇ ਨਗਰ ਪਾਲਕਾ ਦੇ ਪ੍ਰਧਾਨ ਸ੍ਰੀ ਖਾਲਿਦ ਖਾਨ ਨੇ ਸਤਿਗੁਰੂ ਬਾਬਾ ਜੀ ਦਾ ਨਗਰ ਵਲੋਂ ਸੁਆਗਤ ਕੀਤਾ।

4 ਜੂਨ ਨੂੰ ਰਿਸੀਕੇਸ਼ ਦੇ ਇਕ ਵਿਸ਼ਾਲ ਮੈਦਾਨ ਵਿਚ ਇੱਕਠੇ ਹੋਏ ਹਜ਼ਾਰਾਂ ਧਰਮ ਪ੍ਰੇਮੀਆਂ ਨੂੰ ਧਰਮ ਦਾ ਗੁਰ ਸਮਝਾਉਂਦੇ ਹੋਏ ਆਪ ਨੇ ਕਿਹਾ ਕਿ- ਭਗਤਾਂ ਦੇ ਹਿਰਦੇ ਵਿਚ ਸਾਰਿਆਂ ਦੇ ਲਈ ਸੁਭ ਭਾਵ ਹੁੰਦੇ ਹਨ। ਪ੍ਰਮਾਤਮਾ ਨੂੰ ਜਾਣ ਕੇ ਸਾਰਿਆਂ ਲਈ ਭਲੇ ਦੀ ਕਾਮਨਾ ਕਰਦੇ ਹਨ। ਅੱਜ ਇਨਸਾਨ ਦਾ ਮਨ ਆਪਣੇ ਉਪਰ ਕੇਂਦਰਿਤ ਹੈ। ਮਗਰ ਰਿਸ਼ੀਆਂ ਨੇ ਸੰਸਾਰ ਨੂੰ ਇਕ ਪਰਿਵਾਰ ਮੰਨਿਆ ਹੈ। ਜਿਵੇਂ ਕਿਸੇ ਛੋਟੇ ਜਿਹੇ ਸਥਾਨ ਤੇ ਪਾਣੀ ਇੱਕਠਾ ਹੋ ਜਾਏ ਤਾਂ ਗੰਦਗੀ ਨਜ਼ਰ ਆਉਂਦੀ ਹੈ ਜਦਕਿ ਸਾਗਰ ਜਲ ਗੰਦਗੀ ਨੂੰ ਸਮੇਟੇ ਰਹਿੰਦਾ ਹੈ। ਇਸੇ ਤਰ੍ਹਾਂ ਸੰਕੀਰਨ ਮਨ ਵਿਚ, ਦਿਮਾਗ ਵਿਚ, ਨਫ਼ਰਤ ਅਤੇ ਜਵਾਰਥ ਦੇ ਕੀਟਾਣੂ ਇੱਕਠੇ ਹੋ ਜਾਂਦੇ ਹਨ ਲੇਕਿਨ ਸੰਤਾਂ ਦੇ ਵਿਸ਼ਾਲ ਹਿਰਦੇ, ਕੁਲ ਸੰਸਾਰ ਲਈ ਭਲਾ ਮੰਗਦੇ ਹਨ। ਸੰਤ ਤਾਂ ਮੰਨਦੇ ਹਨ 'ਨੇਕੀ ਕਰ, ਖੂਹ ਵਿਚ ਪਾ' ਜਦਕਿ ਸੰਸਾਰ ਵਿਚ ਲੋਕਾਂ ਦਾ ਕਰਮ ਹੈ, ਨੇਕੀ ਕਰਨ ਵਾਲੇ ਨੂੰ ਖੂਹ 'ਚ ਪਾ। ਘੋਰ ਕਲਯੁਗ ਵਿਚ ਅਜਿਹੀਆਂ ਭਾਵਨਾਵਾਂ ਘਰ ਕਰ ਚੁੱਕੀਆਂ ਹਨ।

ਸਮਾਗਮ ਵਿਚ ਸ਼ਹਿਰ ਦੇ ਮੰਨੇ-ਪ੍ਰਮੰਨੇ ਨਾਗਰਿਕਾਂ ਵਿਚੋਂ ਸ੍ਰੀ ਓਮ ਗੋਪਾਲ ਰਾਵਤ (ਐਮ ਐਲ ਏ ਨਰੇਂਦਰ ਨਗਰ), ਸ੍ਰੀਦੀਪ ਸ਼ਰਮਾ (ਚੇਅਰਮੈਨ, ਨਗਰਪਾਲਿਕਾ ਰਿਸ਼ੀਕੇਸ਼) ਅਤੇ ਨਗਰ ਦੀਆਂ ਅਨੇਕ ਵਿਉਪਾਰਕ ਸੰਸਥਾਵਾਂ ਦੇ ਪ੍ਰਧਾਨ ਅਤੇ ਕਈ ਅਧਿਕਾਰੀ ਮੌਜੂਦ ਸਨ।

5 ਜੂਨ ਸਵੇਰੇ ਨਰੇਂਦਰ ਨਗਰ ਸਤਿਸੰਗ ਭਵਨ ਤੇ ਜਿਥੇ ਸਤਿਗੁਰੂਦੇਵ ਨੇ ਹਾਜ਼ਰ ਭਗਤਜਨਾਂ ਨੂੰ ਆਸ਼ੀਰਵਾਦ ਪ੍ਰਦਾਨ ਕੀਤੀ ਉਥੇ ਪੀੜਤਾਂ ਨੂੰ ਭੂਤ-ਪ੍ਰੇਤਾਂ ਤੋਂ ਮੁਕਤ ਕਰਵਾਇਆ। ਧਿਆਨ ਰਹੇ ਕਿ ਪਹਾੜੀ ਖੇਤਰਾਂ ਵਿਚ ਜਿਥੇ ਅੰਧਵਿਸ਼ਵਾਸ਼ ਅਤੇ ਕਰਮਕਾਂਡ ਦਾ ਬਹੁਤ ਪ੍ਰਭਾਵ ਹੈ, ਉਥੇ ਸੈਂਕੜੇ ਦੇਵੀ -ਦੇਵਤਿਆਂ ਦੇ ਪ੍ਰਤੀ ਪ੍ਰਚਲਿਤ ਮਾਨਤਾਵਾਂ ਵੀ ਹਨ। ਦੁਪਹਿਰ ਨੂੰ ਨਰੇਂਦਰ ਨਗਰ ਤੋਂ ਟਿਹਰੀ ਗੜਵਾਲ ਜਾਂਦੇ ਹੋਏ ਤਿਮਲੀ ਤੋਂ ਗੁਜ਼ਰਦੇ ਹੋਏ ਰਾਹ ਵਿਚ ਸ਼ਿਵਪੁਰੀ ਦਾ ਪੜਾਅ ਆਇਆ। ਉਥੇ ਸਥਾਨਕ ਧਰਮੋਪਦੇਸ਼ਕ ਸੰਤ ਬਾਬਾ ਸੁਧ ਸਿੰਘ ਜੀ, ਤੀਰਥ ਯਾਤਰੀਆਂ ਦੇ ਲਈ ਲੰਗਰ, ਸੇਵਾ ਭਾਵਨਾ ਵਿਚ ਸੇਵਾਦਾਰਾਂ ਸਹਿਤ ਤੱਤਪਰ ਹਨ। ਉਹਨਾਂ ਨੇ ਉਸ ਸਥਾਨ ਤੇ ਹਜ਼ੂਰ ਬਾਬਾ ਜੀ ਦਾ ਦੁਪੱਟਾ ਪਾ ਕੇ ਸੁਆਗਤ ਕੀਤਾ ਅਤੇ ਬਾਬਾ ਜੀ ਨੂੰ ਆਦਰਪੂਰਵਕ ਆਸਨ ਤੇ ਬਿਠਾਇਆ। ਉਥੇ ਸਤਿਸੰਗ ਵਿਚ ਮੌਜੂਦ ਧਰਮ ਪ੍ਰੇਮੀਆਂ ਨੂੰ ਸੰਬੋਧਿਤ ਕਰਦੇ ਹੋਏ ਗੁਰੂਦੇਵ ਨੇ ਕਿਹਾ ਕਿ ਪਰਮਾਰਥੀ ਸਦਾ ਸੇਵਾ, ਸਿਮਰਨ, ਸਤਿਸੰਗ ਨੂੰ ਮਹੱਤਤਾ ਦੇਂਦੇ ਹਨ ਅਤੇ ਪ੍ਰਭੂਦਾ ਸੁਕਰੀਆਂ ਕਰਦੇ ਹਨ ਕਿ ਤੂੰ ਅਜਿਹੀ ਸੇਵਾ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ। ਦਾਤਾਰ ਸਰਿਆਂ ਨੂੰ ਅਜਿਹੀ ਸ਼ਕਤੀ ਪ੍ਰਦਾਨ ਕਰੇ। ■

ਮਾਤਾ ਅੰਮ੍ਰਿਤ ਕੌਰ ਜੀ ਬ੍ਰਹਮਲੀਨ

ਉਹਨਾਂ ਭਗਤੀ ਭਰਿਆ ਜੀਵਨ ਜੀਅ ਕੇ ਲੋਕ ਸੁਖੀ ਪਰਲੋਕ ਸੁਹੇਲਾ ਕੀਤਾ – ਨਿਰੰਕਾਰੀ ਬਾਬਾ ਜੀ

● ਵਿਸ਼ੇਸ਼ ਪ੍ਰਤੀਨਿਧੀ ਰਾਹੀ

ਦਿੱਲੀ, 12 ਜੂਨ। ਪੂਜਯ ਮਾਤਾ ਸਵਿੰਦਰ ਜੀ ਨੂੰ ਜਨਮ ਦੇਣ ਵਾਲੀ ਮਾਤਾ ਸ੍ਰੀਮਤੀ ਅੰਮ੍ਰਿਤ ਕੌਰ ਜੀ (ਧਰਮਪਤਨੀ - ਸ੍ਰੀ ਮਨਮੋਹਣ ਆਨੰਦ ਜੀ) ਅੱਜ ਯਮੁਨਾ ਨਗਰ (ਹਰਿਆਣਾ) ਵਿਚ, ਬ੍ਰਹਮਲੀਨ ਹੋ ਗਏ। ਉਹ ਕਾਫੀ ਸਮੇਂ ਤੋਂ ਬੀਮਾਰ ਚਲ ਰਹੇ ਸਨ।

ਮਾਤਾ ਅੰਮ੍ਰਿਤ ਕੌਰ ਜੀ ਦੀਆਂ ਸੰਤ ਨਿਰੰਕਾਰੀ ਮਿਸ਼ਨ ਵਿਚ ਵਰਨਣਯੋਗ ਸੇਵਾਵਾਂ ਰਹੀਆਂ ਹਨ। ਆਲ ਇੰਡੀਆ ਵਰਕਿੰਗ ਕਮੇਟੀ ਦੇ ਗਠਨ ਦੇ ਸਮੇਂ ਤੋਂ ਹੀ ਉਹ ਇਸਦੇ ਮੈਂਬਰ ਰਹੇ ਹਨ।

15 ਜੂਨ ਨੂੰ ਦਿੱਲੀ ਦੇ ਰੁਰਾੜੀ ਰੋਡ ਤੇ ਗ੍ਰਾਊਂਡ ਨੰ 8 ਵਿੱਚ ਆਯੋਜਿਤ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕਿਹਾ ਕਿ ਅਸਹਿਜ ਹਾਲਾਤਾਂ ਵਿਚ ਵੀ ਸਹਿਜਤਾ ਨੂੰ ਅਪਨਾਈ ਰੱਖਣਾ ਬਹੁਤ ਧੀਰਜ ਅਤੇ ਸਹਿਨਸ਼ੀਲਤਾ ਦੀ ਪਹਿਚਾਣ ਹੁੰਦੀ ਹੈ। ਅਜਿਹਾ ਸਹਿਜ ਜੀਵਨ ਜੀਣ ਵਾਲੇ ਬਹੁਤ ਘੱਟ ਹੁੰਦੇ ਹਨ। ਉਹ ਅਸਲ ਵਿਚ ਮਹਾਨ ਹੁੰਦੇ ਹਨ। ਮਾਤਾ ਅੰਮ੍ਰਿਤ ਕੌਰ ਜੀ ਦੀ ਜ਼ੁਬਾਨ ਤੇ ਹਰ ਵਕਤ ਸ਼ੁਕਰਾਨੇ ਦਾ ਭਾਵ ਰਹਿੰਦਾ ਸੀ। 'ਬਹੁਤ ਕ੍ਰਿਪਾ ਹੈ, ਬਹੁਤ ਰਹਿਮਤ ਹੈ,'

ਇਹੀ ਕਹਿੰਦੇ ਸਨ। ਜਦ ਵੀ ਗੱਲ ਕਰਦੇ - ਥੈਂਕਯੂ ਜਰੂਰ ਕਹਿੰਦੇ।

ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਜਿਥੇ ਉਹਨਾਂ ਨੇ ਅਧਿਆਤਮਿਕ ਪਹਿਲੂ ਨੂੰ ਪਰਿਪੱਕ ਰੱਖਿਆ ਉਥੇ ਸਮਾਜਿਕ ਤੌਰ ਤੇ ਵੀ ਸਾਰਥਕ ਯੋਗਦਾਨ ਦਿੱਤਾ। ਸਮਾਜ ਸੇਵਾ ਦੇ ਖੇਤਰ ਵਿਚ ਵੀ ਸਲਾਹੁਣਯੋਗ ਪਹਿਲ ਕੀਤੀ ਅਤੇ ਹਰ ਮੋਕੇ ਤੇ ਵਧ-ਚੜ ਕੇ ਹਿੱਸਾ ਲਿਆ। ਅੱਜ ਬੱਚਿਆ ਵਿਚ ਉਹੀ ਸੰਸਕਾਰ ਵੇਖਣ ਨੂੰ ਮਿਲਦੇ ਹਨ।

ਸਤਿਗੁਰੂ ਬਾਬਾ ਜੀ ਨੇ ਉਹਨਾਂ ਦੇ ਹੌਸਲੇ, ਦ੍ਰਿੜ ਵਿਸ਼ਵਾਸ, ਗੁਰਮਤਿ ਭਾਵਨਾ ਅਤੇ ਭਰਪੂਰ ਉਤਸ਼ਾਹ ਦੀ ਭਰਪੂਰ ਪ੍ਰਸੰਸਾ ਕੀਤੀ।

ਸ਼ਰਧਾਂਜਲੀ ਸਮਾਰੋਹ ਵਿਚ ਮਾਤਾ ਅੰਮ੍ਰਿਤ ਕੌਰ ਜੀ ਦੇ ਪਰਿਵਾਰ ਦੇ ਮੈਂਬਰਾਂ ਵਿਚੋਂ ਭੈਣ ਡਿੰਪਲ ਜੀ ਅਤੇ ਉਹਨਾਂ ਦੇ ਇਲਾਜ ਕਰਨ ਵਾਲੇ ਡਾ: ਰੁਪਿੰਦਰ ਸਿੰਘ ਜੀ ਨੇ ਆਪਣੇ ਭਾਵ ਪ੍ਰਗਟ ਕੀਤੇ। ■

ਉਹ ਬਚਪਨ ਤੋਂ ਹੀ ਸਤਿ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦੇਂਦੇ ਰਹੇ

— ਨਿਰੰਕਾਰੀ ਬਾਬਾ ਜੀ

ਦਿੱਲੀ, 14 ਜੂਨ। ਪਰਮ ਮਮਤਾਮਈ ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ ਦੀ ਵੱਡੀ ਭੈਣ, ਮਾਤਾ ਮਾਨ ਕੌਰ ਜੀ (ਧਰਮਪਤਨੀ - ਮਹਾਤਮਾ ਹਰਬੰਸ ਸਿੰਘ ਜੀ) ਅੱਜ ਦੁਪਹਿਰ ਸੰਤ ਨਿਰੰਕਾਰੀ ਕਲੋਨੀ ਵਿਚ ਬ੍ਰਹਮਲੀਨ ਹੋ ਗਏ।

17 ਜੂਨ ਨੂੰ ਗ੍ਰਾਊਂਡ ਨੰ: 8 ਵਿਚ ਆਯੋਜਿਤ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕਿਹਾ ਕਿ ਉਹਨਾਂ ਨੇ ਬਹੁਤ ਹੀ ਸ਼ਰਧਾ ਅਤੇ ਭਗਤੀ ਭਾਵ ਨਾਲ ਜੀਵਨ ਜੀਵਿਆ। ਉਹਨਾਂ ਨੇ ਸਾਦਗੀ ਅਤੇ ਵਿਸ਼ਵਾਸ ਨਾਲ, ਭੋਲੇਪਨ ਦੀ ਅਵਸਥਾ ਵਿਚ ਰਹਿ ਕੇ, ਗੁਰਸਿਖੀ ਦੇ ਰਾਹ ਤੇ ਚੱਲਦੇ ਹੋਏ ਜੀਵਨ ਬਤੀਤ ਕੀਤ

ਬਾਬਾ ਜੀ ਨੇ ਉਹਨਾਂ ਦੀ ਮਾਤਾ ਸੋਮਾ ਜੀ, ਮੰਨਾ ਸਿੰਘ ਜੀ, ਬਾਬਾ ਬੂਟਾ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ ਅਤੇ ਬਾਬਾ ਗੁਰਬਚਨ ਸਿੰਘ ਜੀ ਦੇ ਮਾਰਗਦਰਸ਼ਨ ਹੇਠ ਉਹਨਾਂ ਨੂੰ ਮਿਲੇ ਸੰਸਕਾਰਾਂ ਦੀ ਭਰਪੂਰ ਪ੍ਰਸੰਸਾ ਕੀਤੀ।

ਮਾਤਾ ਮਨ ਕੌਰ ਜੀ ਅੰਦਰ ਕਵਿਤਾ ਲਿਖਣ ਦਾ ਬੜਾ ਗੁਣ ਸੀ। ਇਸ ਸਬੰਧ ਵਿਚ ਨਿਰੰਕਾਰੀ ਰਾਜਮਾਤਾ ਜੀ ਨੇ ਕਿਹਾ ਕਿ ਉਹ ਕਹਿੰਦੇ ਸਨ ਕਿ ਸ਼ੇਰ ਅਪਣਾ ਸ਼ਿਕਾਰ ਖੁਦ ਕਰਦਾ ਹੈ ਤਾਂ ਅਸੀਂ ਵੀ ਕਿਉਂ ਨਾ ਅਪਣੀ ਭਗਤੀ ਭਾਵਨਾਵਾਂ ਨੂੰ ਖੁਦ ਹੀ ਕਵਿਤਾਵਾਂ - ਗੀਤਾਂ ਵਿਚ ਢਾਲੀਏ। ਬਾਕੀ ਭਗਤਾਂ ਦੀਆਂ ਭਾਵਨਾਵਾਂ ਉਹਨਾਂ ਦੀਆਂ ਅਪਣੀਆਂ ਹਨ, ਸਾਡੇ ਜੀਵਨ ਵਿਚ ਸੁਧਾਰ ਤਾਂ ਹੀ ਅਪਣੀ ਭਗਤੀ ਨਾਲ ਆਏਗਾ।

ਪੂਜਯ ਰਾਜਮਾਤਾ ਜੀ ਨੇ ਬਚਪਨ ਦੀਆਂ ਅਨੇਕਾਂ ਯਾਦਾਂ ਤਾਜ਼ਾ ਕੀਤੀਆਂ ਅਤੇ ਪਰਿਵਾਰ ਲਈ ਅਸੀਰਵਾਦਾਂ ਦੀ ਕਾਮਨਾ ਕੀਤੀ।

ਇਸ ਮੌਕੇ ਤੇ ਉਹਨਾਂ ਦੇ ਗੀਤਾਂ-ਕਵਿਤਾਵਾਂ ਦੇ ਗਾਇਨ ਨਾਲ ਵੀ ਉਹਨਾਂ ਨੂੰ ਭਾਵ ਪੂਰਵਕ ਯਾਦ ਕੀਤਾ ਗਿਆ। ਅਨੇਕਾਂ ਬੁਲਾਰਿਆਂ -ਗੀਤਕਾਰਾਂ ਆਦਿ ਨੇ ਉਹਨਾਂ ਦੇ ਸਾਦਗੀ ਭਰੇ ਜੀਵਨ ਨੂੰ ਯਾਦ ਕੀਤਾ। ■

ਵਿਰਲਾ ਹੀ ਕੋਈ ਨਜ਼ਰੀ ਆਵੇ,
ਰਾਜ ਤੇਰਾ ਦਾਤਾਰ ਜੋ ਸਮਝੇ।
ਬੰਦੇ ਤੈਨੂੰ ਬੰਦਾ ਸਮਝਣ,
ਸਮਝਿਆ ਉਹ ਨਿਰੰਕਾਰ ਜੋ ਸਮਝੇ।
ਅਕਲਮੰਦਾਂ ਨੇ ਕੀ ਸਮਝਣਾ ਏ,
ਸਾਹਿਬਾ ਤੇਰੇ ਭੋਲੇਪਨ ਨੂੰ,
ਮੈਨੂੰ ਤਾਂ ਮਿਲਿਆ ਨਹੀਂ ਅੱਜ ਤਕ,
ਰੂਪ ਤੇਰੀ ਦੀ ਸਾਰ ਜੋ ਸਮਝੇ।
ਬੋਲ ਬੋਲ ਕੇ ਕਈ ਥਕ ਜਾਵਣ,
ਪਰ ਤੂੰ ਸੁਣ ਸੁਣ ਕੇ ਨਹੀਂ ਥਕਦਾ,
ਰੂਪ ਤੇਰੀ ਕੀ ਕਹਿਣਾ ਚਾਹੇ,
ਹੈ ਕੋਈ ਬਾਰੰਬਾਰ ਜੋ ਸਮਝੇ।
ਦੋਸਤ ਮਿੱਤਰ ਭੈਣਾ ਵੀਰ ਤੇਰੇ ਸਭ ਰਿਸ਼ਤੇਦਾਰ,
ਕੀ ਖਟਿਆ ਤੇਰੇ ਕੋਲੋਂ ਤੈਨੂੰ ਰਿਸ਼ਤੇਦਾਰ ਜੋ ਸਮਝੇ।
ਜਿਸ ਰੂਪ 'ਚ ਕੋਈ ਮਿਲਣਾ ਚਾਹੇ,
ਓਸੇ ਰੂਪ 'ਚ ਤੂੰ ਮਿਲ ਜਾਵੇ,
ਉਸਦਾ ਕੋਈ ਨਹੀਂ ਸਾਨੀ ਜਗ ਤੇ,
ਪਰ ਤੈਨੂੰ ਕਰਤਾਰ ਜੋ ਸਮਝੇ।
ਤੇਰੇ ਸਾਹਵੇਂ ਵੱਡਾ ਬਣਨਾ,
ਆਪਣੇ ਨਾਲ ਹੀ ਧੋਖਾ ਕਰਨਾ,
ਅੱਖ ਝੁੱਕ ਕੇ ਤਕ ਨਹੀਂ ਸਕਦਾ,
ਤੇਰਾ ਅਸਲ ਦੀਦਾਰ ਜੋ ਸਮਝੇ।

- ਬ੍ਰਹਮਲੀਨ ਮਾਤਾ ਮਾਨ ਕੌਰ ਜੀ (ਦਿੱਲੀ)

ਪੜ੍ਹਕਾ ਲੰਗਰ

• ਲਛਮਣ ਗੋਇਲ (ਪੰਜਕੂਲਾ)

ਦਾਸ ਦਾ ਜਨਮ ਸੰਨ 1955 ਵਿਚ ਹੋਇਆ ਅਤੇ ਦਾਸ ਦੇ ਮਾਤਾ-ਪਿਤਾ ਦਾ ਦੇਵੀ ਜਨਮ ਸੰਨ 1959 ਵਿਚ। ਮੈਂ ਵੇਖਿਆ ਸੰਸਾਰ ਅਤੇ ਉਹਨਾਂ ਨੂੰ ਪ੍ਰਤੱਖ ਹੋਇਆ ਨਿਰੰਕਾਰ। ਮੈਂ ਹਾਲਾ 4 ਸਾਲ ਦਾ ਹੀ ਸੀ ਕਿ ਮੇਰੇ ਮਾਤਾ-ਪਿਤਾ, ਬਰਨਾਲਾ (ਪੰਜਾਬ) ਵਿਚ ਮੇਰੀ ਉਂਗਲੀ ਫੜਕੇ ਨਿਰੰਕਾਰੀ ਸਤਿਸੰਗ ਵਿਚ ਲੈ ਜਾਇਆ ਕਰਦੇ ਸਨ। ਭਾਪਾ ਭਗਤ ਰਾਮ ਜੀ, ਡਾ: ਹਰਦਿਲ ਸਿੰਘ ਜੀ, ਗਿਆਨੀ ਗੁਰਬਚਨ ਸਿੰਘ 'ਪ੍ਰੀਤ', ਸ੍ਰੀ ਵੇਦ ਪ੍ਰਕਾਸ਼ ਜੀ ਅਤੇ ਬਾਕੀ ਮਹਾਂਪੁਰਸ਼ ਮੈਨੂੰ ਬਹੁਤ ਪਿਆਰ ਕਰਦੇ ਅਤੇ ਮੈਂ ਐਤਵਾਰ ਦੀ ਸੰਗਤ ਦੀ ਉਡੀਕ ਕਰਦਾ ਰਹਿੰਦਾ ਸੀ। ਸੰਨ 1964 ਵਿਚ ਮੈਨੂੰ ਵੀ ਨਿਰੰਕਾਰ-ਪ੍ਰਭੂ ਦਾ ਗਿਆਨ ਹੋਇਆ।

ਸ਼ਹਿਨਸਾਹ ਬਾਬਾ ਅਵਤਾਰ ਸਿੰਘ ਜੀ, ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਅਤੇ ਹੁਣ ਸਤਿਗੁਰੂਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਅਸ਼ੀਰਵਾਦ ਪ੍ਰਾਪਤ ਹੁੰਦੇ ਰਹਿੰਦੇ ਹਨ। ਸੇਵਾ, ਸਤਿਸੰਗ ਅਤੇ ਸਿਮਰਨ ਦਾ ਭਾਵ ਨਿਰੰਤਰ ਬਣਿਆ ਹੋਇਆ ਹੈ। ਪਰਿਵਾਰ ਵਿਚ ਦਾਤਾਰ ਨੇ ਸਾਰੇ ਸੁੱਖ ਪ੍ਰਦਾਨ ਕਰ ਰੱਖੇ ਹਨ। ਦਾਸ ਦੇ ਪਿਤਾ ਬਿਹਾਰੀ ਲਾਲ ਜੀ ਗੋਇਲ ਬਰਨਾਲਾ ਦੇ ਪ੍ਰਮੁੱਖ ਦੀ ਸੇਵਾ ਨਿਭਾ ਰਹੇ ਹਨ।

ਸਮੇਂ-ਸਮੇਂ ਤੇ ਮਹਾਂਪੁਰਸ਼ਾਂ ਨੂੰ ਘਰ ਬੁਲਾ ਕੇ ਸੇਵਾ ਕਰਨਾ ਇੱਕ ਨਿਯਮ ਜਿਹਾ ਬਣ ਗਿਆ ਹੈ। ਜਿਥੇ ਮਹਾਂਪੁਰਸ਼ ਦਾ ਘਰ ਵਿਚ ਆਉਣਾ ਚੰਗਾ ਲੱਗਦਾ ਹੈ ਉਥੇ ਨਵੇਂ ਸੱਜਣਾ ਦਾ ਮਿਸ਼ਨ ਵਿਚ ਆਉਣਾ ਵੀ ਚੰਗਾ ਲੱਗਦਾ ਹੈ। ਜਦ ਕਦੇ ਵੀ ਬਾਬਾ ਜੀ ਨਾਲ ਨੇੜਿਉਂ ਗੱਲ ਹੁੰਦੀ ਹੈ ਤਾਂ ਕਹਿੰਦੇ ਹਨ,"ਨੌਜਵਾਨਾਂ ਰਾਹੀ ਸਹਿਤ ਦੇ ਮਾਧਿਅਮ ਨਾਲ ਮਿਸ਼ਨ ਦੇ ਪ੍ਰਚਾਰ ਨੂੰ ਵਧਾਇਆ ਜਾਏ।" ਸਤਿਗੁਰੂ ਦੇ ਬਚਨ ਨੂੰ ਹੂ-ਬੂ-ਹੂ ਮੰਨਣ ਦੀ ਰੇਸਟਾ ਬਣੀ ਰਹਿੰਦੀ ਹੈ। ਬਾਬਾ ਜੀ ਦਾ ਇਹ ਬਚਨ ਹੁਣ ਵਾਰ-ਵਾਰ ਪੜ੍ਹਣ-ਸੁਣਨ ਨੂੰ ਮਿਲ ਰਿਹਾ ਹੈ ਕਿ ਨਿਰੰਕਾਰੀ ਪੱਤਰ ਪੜ੍ਹਕਾਵਾਂ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਵਿਚ ਬਹੁਤ ਯੋਗਦਾਨ ਦੇ ਰਹੀਆਂ ਹਨ ਅਤੇ ਇਹਨਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਸਰਿਆਂ ਦਾ ਫ਼ਰਜ ਹੈ।

ਮਈ 2008 ਦੇ ਪਹਿਲੇ ਹਫਤੇ ਵਿਚ ਦਾਸ ਨੇ ਘਰ ਵਿਚ ਆਪਣੀ ਧਰਮ ਪਤਨੀ ਸ੍ਰੀਮਤੀ ਸੰਤਾ ਗੋਇਲ ਜੀ ਤੋਂ ਪੁਛਿਆ, "ਆਪ ਪ੍ਰਮੁੱਖ ਸਾਹਿਬ ਤੋਂ ਮਹਾਂਪੁਰਸ਼ਾਂ ਦੇ ਲੰਗਰ ਦੇ ਬਾਰੇ ਪੁੱਛਣ ਗਏ ਸੀ, ਉਹ ਕਿਸ ਦਿਨ ਰੱਖਿਆ ਗਿਆ ਹੈ ?" ਅਗੋਂ ਉਤਰ ਮਿਲਿਆ " ਹਾਂਲਾ ਦਿਨ ਤਾਂ ਨਿਸ਼ਚਿਤ ਨਹੀ ਹੋਇਆ ਪਰ ਐਨੇ ਵਿੱਚ ਮੈਨੂੰ ਇਕ ਹੋਰ ਧਿਆਨ ਆ ਰਿਹਾ ਹੈ।" ਮੇਰੇ ਪੁੱਛਣ ਤੇ ਉਸਨੇ ਦੱਸਿਆ ਕਿ ,"ਪੜ੍ਹਕਾ ਵਿਚ ਬਾਬਾ ਜੀ ਦੇ ਵਿਸ਼ੇਸ਼ ਬਚਨ ਆਏ ਹਨ ਕਿ ਪੱਤਰ-ਪੜ੍ਹਕਾਵਾਂ ਦੇ ਪ੍ਰਸਾਰ ਵਿਚ ਸਾਰੇ ਯੋਗਦਾਨ ਦੇਣ।"ਮੈਂ ਫਿਰ ਉਤਸੁਕਤਾ ਨਾਲ ਪੁੱਛਿਆ, "ਪੜ੍ਹਕਾ-ਪ੍ਰਸਾਰ ਦਾ ਲੰਗਰ ਨਾਲ ਕੀ ਸੰਬੰਧ ?"ਸੀਤਾ ਜੀ ਹੌਲੀ ਜਿਹੀ ਬੋਲੀ, " ਅਸੀ 10-11 ਮਹਾਂਪੁਰਸ਼ਾਂ ਨੂੰ ਬੁਲਾ ਕੇ ਜਦ ਘਰ ਵਿਚ ਲੰਗਰ ਕਰਦੇ ਹਾਂ ਅਤੇ ਭੇਟ ਦੇਂਦੇ ਹਾਂ ਤਾਂ 5-6 ਹਜ਼ਾਰ ਰੁਪਏ ਦਾ ਖਰਚਾ ਹੋ ਜਾਂਦਾ ਹੈ। ਕਿਉਂ ਨਾ ਇਸ ਵਾਰ ਤੋਂ 40 ਲੋਕਾਂ ਨੂੰ ਤਿੰਨ ਸਾਲ ਲਈ 150/- ਰੁ: ਦੇ ਹਿਸਾਬ ਨਾਲ ਨਿਰੰਕਾਰੀ ਪੜ੍ਹਕਾਵਾਂ ਦੇ ਮੈਂਬਰ ਬਣਾ ਦਿੱਤਾ ਜਾਏ।" ਮੈਂ ਸੀਤਾ ਜੀ ਦੇ ਵਿਚਾਰ ਨੂੰ ਗਹਿਰਾਈ ਨਾਲ ਸੋਚਿਆ ਅਤੇ ਕਿਹਾ ," ਗੱਲ ਤਾਂ ਤੁਹਾਡੀ ਠੀਕ ਹੈ ਪਰ ਸਾਡੇ ਤਾਂ ਲਗਪਗ ਸਾਰੇ ਰਿਸ਼ਤੇਦਾਰ ਨਿਰੰਕਾਰੀ ਹੀ ਹਨ ਅਤੇ ਸਾਰਿਆਂ ਦੀਆ ਪੱਤਰਕਾਵਾਂ ਆ ਰਹੀਆਂ ਹਨ। "

ਮੇਰੀ ਧਰਮ ਪਤਨੀ ਨੇ ਅੱਗੇ ਕਿਹਾ — "ਗੋਇਲ ਸਾਹਿਬ ਵੇਖੋ, ਅਗਰ ਅਸੀ ਇੰਝ ਸੋਚਾਂਗੇ ਤਾਂ ਘਰ-ਘਰ ਵਿਚ ਪੜ੍ਹਕਾ ਪਹੁੰਚਾਉਣ ਵਾਲਾ ਬਾਬਾ ਜੀ ਦਾ ਕਥਨ ਕਿਵੇਂ ਪੂਰਾ ਹੋਏਗਾ ? ਆਪ ਸਭ ਮਹਾਂਪੁਰਸ਼ਾਂ ਅਤੇ ਰਿਸ਼ਤੇਦਾਰਾਂ ਨੂੰ ਪ੍ਰੇਰਣਾ ਦਿਉ ਕਿ ਉਹ ਤਿੰਨੋਂ ਦੀਆਂ ਤਿੰਨੋ ਪੜ੍ਹਕਾਵਾਂ ਸੰਤ ਨਿਰੰਕਾਰੀ, ਹੰਸਤੀ ਦੁਨੀਆ ਅਤੇ ਏਕ ਨਜ਼ਰ ਲਗਵਾਉਣ। ਬਾਕੀ ਆਪ ਉਦਯੋਗਪਤੀ ਹੋ, ਕਾਰੋਬਾਰ ਵਿਚ ਆਪ ਨੂੰ ਸੈਕੜੇ ਲੋਕਾ ਨਾਲ ਵਾਸਤਾ ਪੈਂਦਾ ਹੈ। ਹੌਲੀ-ਹੌਲੀ ਸਾਰਿਆਂ ਨੂੰ ਪੜ੍ਹਕਾ ਲਗਵਾਉਂਦੇ ਰਹੋ। ਕਿਉਂ ਮੈਂ ਸੀਤਾ ਜੀ ਦੀ ਭਾਵਨਾ ਦੀ ਸਰਾਹਨਾ ਕੀਤੀ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਸਮੁੱਚੀ ਰਾਇ ਦੇ ਅਨੁਸਾਰ ਪੜ੍ਹਕਾ-ਲੰਗਰ ਦੀ ਨੀਂਹ ਰੱਖਣ ਲਈ ਦਾਸ ਨੇ 7-5-2008 ਨੂੰ 6000/- ਰੁਪਏ ਦਾ ਚੈੱਕ ਡਰਾਫਟ ਅਤੇ ਜਾਣ-ਪਛਾਣ ਵਾਲੇ 40 ਲੋਕਾਂ ਦੀ ਸੂਚੀ ਸ੍ਰੀ ਸੀ. ਐਲ. ਗੁਲਾਟੀ, ਇੰਚਾਰਜ ਪੜ੍ਹਕਾ ਵਿਭਾਗ, ਸੰਤ ਨਿਰੰਕਾਰੀ ਮੰਡਲ, ਸੰਤ ਨਿਰੰਕਾਰੀ

(ਬਾਕੀ ਪੰਨਾ 40 ਤੇ)

ਮਨ ਨੂੰ ਮਾਰਨ ਤੇ ਜੋਰ ਨਹੀਂ ! ਦਿਸ਼ਾ ਬਦਲੋ

• ਸਤਿਆਰਥੀ ਜੀ

ਸ੍ਰੀ ਜੇ.ਆਰ. ਡੀ. ਸਤਿਆਰਥੀ ਜੀ ਦੂਰ ਦੇਸ਼ਾਂ ਦੀ ਕਲਿਆਣ-ਯਾਤਰਾ ਤੇ ਰਵਾਨਾ

(ਉਪਾਸ਼ਕ ਰਾਹੀਂ)

20 ਜੂਨ (ਦਿੱਲੀ) ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ ਸ੍ਰੀ ਜੇ. ਆਰ ਡੀ. ਸਤਿਆਰਥੀ ਅੱਜ ਦੁਪਹਿਰ ਦੂਰ ਦੇਸ਼ਾਂ ਦੀ ਕਲਿਆਣ ਯਾਤਰਾ ਹਿਤ ਯੂ. ਕੇ. ਲਈ ਰਵਾਨਾ ਹੋਏ। ਇਸ ਤੋਂ ਪਹਿਲਾਂ ਨਿਰੰਕਾਰੀ ਕਲੋਨੀ ਦੇ ਸਤਿਸੰਗ ਹਾਲ ਵਿਚ ਹੋਏ ਸਵੇਰ ਦੇ ਸਤਿਸੰਗ ਵਿੱਚ ਸ੍ਰੀ ਸਤਿਆਰਥੀ ਜੀ ਨੂੰ ਇਸ ਕਲਿਆਣ-ਯਾਤਰਾ ਹਿਤ ਸੁਭਕਾਮਨਾਵਾਂ ਪ੍ਰਦਾਨ ਕੀਤੀਆਂ ਗਈਆਂ ਅਤੇ ਸੈਕਟਰ ਦੀਆਂ ਸੰਗਤਾਂ ਵਲੋਂ ਆਪ ਨੂੰ ਪਿਆਰ ਭਰੀ ਵਿਦਾਇਗੀ ਦਿੱਤੀ ਗਈ। 20 ਜੂਨ ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ ਤੇ ਪਹੁੰਚਣ ਤੇ ਸਤਿਆਰਥੀ ਜੀ ਦਾ ਨਿੱਘਾ ਸੁਆਗਤ ਕੀਤਾ ਗਿਆ। ਉਪਰੰਤ ਸਤਿਸੰਗ ਭਵਨ ਵਿੱਚ ਸੁਆਗਤੀ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਆਪ ਨੇ ਕਿਹਾ ਕਿ ਗੁਰੂ ਦੀ ਮਤਿ ਪ੍ਰਾਪਤ ਕਰਕੇ ਜੀਵਨ ਜੀਣ ਦਾ ਢੰਗ ਆ ਜਾਂਦੇ ਜਿਸ ਨਾਲ ਸਮਾਜਿਕ ਅਤੇ ਅਧਿਆਤਮਿਕ ਸਾਰੀਆਂ ਜਿਮੇਂਵਾਰੀਆਂ ਦਾ ਪਾਲਣ ਸਹਿਜ ਵਿੱਚ ਹੀ ਹੋ ਜਾਂਦਾ ਹੈ। ਆਪਣੀ ਇਸ ਯਾਤਰਾ ਦੌਰਾਨ ਸ੍ਰੀ ਸਤਿਆਰਥੀ ਜੀ ਅਨੇਕਾਂ ਸਤਿਸੰਗ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਗੇ।

ਵੈਸਟ ਮਿਡਲੈਂਡ 22 ਜੂਨ। ਅੱਜ ਏਥੇ ਹੋਏ ਇੱਕ ਵਿਸ਼ਾਲ ਸਤਿਸੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਜੇ. ਆਰ ਡੀ. ਸਤਿਆਰਥੀ ਜੀ ਨੇ ਫਰਮਾਇਆ ਕਿ "ਸਾਰਾ ਸੰਸਾਰ ਮਨ ਨੂੰ ਮਾਰਨ ਲਈ ਪ੍ਰੇਰਿਤ ਅਤੇ ਯਤਨਸੀਲ ਹੈ ਜਦ ਕਿ ਇਸ ਮਨ ਦੀ ਦਿਸ਼ਾ ਬਦਲਣ ਦੀ ਲੋੜ ਹੈ। ਮਨ ਕਦੇ ਵੀ ਨਹੀ ਚਾਹੁੰਦਾ ਕਿ ਇਹ ਬੁਰਾਈ ਵੱਲ ਜਾਏ ਇਸ ਨੂੰ ਕਾਮੀ, ਕ੍ਰੋਧੀ ਆਖ ਕੇ ਕੋਈ ਸੰਬੋਧਨ ਕਰੇ ਸਗੋਂ ਇਹ ਤਾਂ ਭਲਾਈ ਹੀ ਕਰਨਾ ਲੋੜਦੈ। ਦਯਾ, ਕਰੁਣਾ ਇਸ ਦੇ ਵਿਚ ਭਰਪੂਰ ਹਨ, ਫਿਰ ਵੀ ਸੰਸਕਾਰਾਂ ਦੇ ਅਧੀਨ ਕਈ ਵਾਰੀ ਡਾਵਾਂਡੋਲ ਹੋ ਜਾਂਦਾ ਹੈ। ਅਸੀਂ ਸਿੱਧਾ ਇਸ ਧਰਤੀ ਤੇ ਨਹੀਂ ਆਏ ਸਗੋਂ ਕਈ ਜਨਮਾਂ ਦੀ ਯਾਤਰਾ ਉਪਰੰਤ ਮਨੁੱਖੀ ਜਨਮ ਪ੍ਰਾਪਤ ਹੋਇਐ ਜਿਸ ਕਾਰਣ ਜਨਮ-ਜਨਮ ਦੇ ਸੰਸਕਾਰ ਜੁੜੇ ਹੋਏ ਹਨ। ਇਸ ਵਾਸਤੇ ਨਵੇਂ ਸੰਸਕਾਰਾਂ ਦੀ ਪ੍ਰਾਪਤੀ ਜਰੂਰੀ ਹੈ ਅਤੇ ਇਹ ਪ੍ਰਭੂ ਦੀ ਜਾਣਕਾਰੀ ਨਾਲ ਹੋ ਸਕਦੀ ਹੈ। ਆਪ ਜੀ ਨੇ ਮਨ ਨੂੰ ਹਰ ਵੇਲੇ ਸਿਮਰਨ ਕਰਨ ਲਈ ਪ੍ਰੇਰਿਆ।

ਲੈਸਟਰ, 22 ਜੂਨ। ਸੰਤ ਨਿਰੰਕਾਰੀ ਸਤਿਸੰਗ ਭਵਨ ਵਿੱਚ ਹੋਏ ਰੂਹਾਨੀ ਸਤਿਸੰਗ ਨੂੰ ਅਸ਼ੀਰਵਾਦ ਦੇਂਦਿਆਂ ਆਪ ਨੇ ਫਰਮਾਇਆ ਕਿ "ਜਗਤੀ ਦੀ ਸ਼ਕਤੀ ਆਪਣੇ ਅਨੇਕਾਂ ਯਤਨਾਂ ਨਾਲੋਂ ਅਧਿਕ ਤਾਕਤਵਰ ਹੁੰਦੀ ਹੈ। ਸਤਿਸੰਗ ਦੀ ਤਾਕਤ ਸਮਾਜਿਕ, ਪਰਿਵਾਰਿਕ ਅਤੇ ਰੂਹਾਨੀ ਕਾਰਜ ਵੀ ਆਸਾਨੀ ਨਾਲ ਕਰਨ ਦੀ ਵਿਉਂਤ ਦਸ ਦੇਂਦੀ ਹੈ। ਇਸ ਵਾਸਤੇ ਜਗਿਆਸੂ ਦੇ ਰੋਮ ਰੋਮ ਵਿੱਚੋਂ ਪ੍ਰਭੂ ਦਾ ਧੰਨਵਾਦ ਅਤੇ ਭਗਤੀ ਦਾ ਰਸ ਫੁੱਟਦੇ ਰਹਿਣਾ ਚਾਹੀਦਾ ਹੈ। ਇੱਕ ਪ੍ਰਭੂ ਹੀ ਹੈ ਜੋ ਚੰਚਲ ਹੈ, ਅਚੱਲ ਹੈ, ਅਵਿਨਾਸ਼ੀ ਹੈ ਅਤੇ ਇਸ ਨਾਲ ਜੁੜਕੇ ਹੀ ਸਹਿਜ ਭਾਵ ਨਾਲ ਜੀਣ ਦੀ ਕਲਾ ਪ੍ਰਾਪਤ ਹੁੰਦੀ ਹੈ। ਮਾਇਆ ਨੇ ਅੱਜ ਤਕ ਕਿਸੇ ਦਾ ਕੁਝ ਨਹੀ ਵਿਗਾੜਿਆ। ਸਾਰਾ ਵਿਗਾੜ ਮਨੁੱਖ ਦਾ ਆਪਣਾ ਹੀ ਕੀਤਾ ਹੁੰਦਾ ਹੈ। ਇਸ ਲਈ ਸੁਧਾਰ ਅਸੀ ਆਪਣਾ ਹੀ ਕਰਨਾ ਹੁੰਦੈ ਤਾਂ ਜੋ ਅਸੀਂ ਮਾਇਆ ਪਤੀ ਨੂੰ ਪਹਿਲ ਦੇ ਸਕੀਏ ਤਾਂ ਜੋ ਜੀਵਨ ਦਾ ਪੂਰਨ ਆਨੰਦ ਪ੍ਰਾਪਤ ਹੋ ਸਕੇ। ਬੱਚਿਆਂ ਦੇ ਜਨਮ ਦਿਨ ਜਦ ਮਨਦੇ ਹਾਂ ਅਸਲ ਵਿੱਚ ਉਮਰ ਦਾ ਤਾਂ ਇਕ ਸਾਲ ਹਰ ਜਨਮ ਦਿਨ ਤੇ ਘੱਟ ਹੁੰਦਾ ਹੈ। ਸੰਤ ਖੁਸ਼ੀ ਇਸ ਲਈ ਮਨਾਉਂਦੇ ਹਨ ਕਿ ਬੀਤਿਆ ਵਰ੍ਹਾ ਸੰਤਾ ਦੀ ਸੰਗਤ, ਸੰਤਾਂ ਦੀ ਸੇਵਾ ਵਿੱਚ ਬੀਤਿਆ, ਜਿਸ ਨੂੰ ਸਫ਼ਲਤਾ ਮੰਨਿਆ ਜਾਂਦੇ। ■

(ਪੰਨਾ 39 ਦੀ ਬਾਕੀ)

ਕਲੋਨੀ, ਦਿੱਲੀ — 110009 ਨੂੰ ਭੇਜ ਦਿੱਤੀ। ਅਗੋਂ ਤੋਂ ਜਿਥੇ ਕਦੇ-ਕਦੇ ਮਹਾਂਪੁਰਸ਼ਾਂ ਦਾ ਘਰ ਵਿਚ ਜਾਂ ਸਾਧ ਸੰਗਤ ਦਾ ਭਵਨ ਤੇ ਲੰਗਰ ਕਰਾਂਗੇ ਤਾਂ ਨਾਲ ਹੀ, ਬਾਬਾ ਜੀ ਦੇ ਵਚਨ ਅਨੁਸਾਰ ਨਿਰੰਤਰ ਪੜ੍ਹਕਾ-ਲੰਗਰ, ਸਪੈਸ਼ਲ ਬਿਲਡਿੰਗ ਫੰਡ ਅਤੇ ਸੇਵਾ ਪੜ੍ਹਕਾ ਵਿਭਾਗ ਨਿਯਮਿਤ ਰੂਪ ਨਾਲ ਦੇ ਕੇ ਇਸ ਪੈਗਾਮ ਨੂੰ ਬੁਲੰਦ ਕੀਤਾ ਜਾਏਗਾ—

ਉਠੋ ਜੁਟੋ ਸਭ ਸੇਵਾ ਵਿਚ ਕਰਕੇ ਪੂਰਬ ਤਿਆਰੀ,
ਹਰ ਜਗ੍ਹਾ ਤੇ ਭਵਨ ਹੋਏ,
ਹਰ ਹੱਥ ਵਿਚ ਸੰਤ ਨਿਰੰਕਾਰੀ। ■

ਜੀ. ਟੀ. ਵੀ. ਤੇ ਬਾਬਾ ਜੀ ਦੇ ਪ੍ਰਵਚਨਾਂ ਦਾ ਸਮਾਂ ਬਦਲਿਆ

ਹੁਣ ਤਕ ਜੀ. ਟੀ. ਵੀ. ਚੈਨਲ ਤੇ ਸਤਿਗੁਰੂ ਬਾਬਾ ਜੀ ਦੇ ਪ੍ਰਵਚਨ ਹਰ ਬੁਧਵਾਰ ਅਤੇ ਵੀਰਵਾਰ ਸਵੇਰੇ 6.30 ਤੋਂ 7.00 ਵਜੇ ਤਕ ਪ੍ਰਸਾਰਿਤ ਕੀਤੇ ਜਾਂਦੇ ਸਨ। ਹੁਣ ਇਹ ਸਮਾਂ ਬਦਲ ਦਿੱਤਾ ਗਿਆ ਹੈ। ਨਵੇਂ ਸਮੇ ਅਨੁਸਾਰ ਇਹ ਪ੍ਰਵਚਨ ਹੁਣ ਬੁਧਵਾਰ ਤੇ ਵੀਰਵਾਰ ਸਵੇਰੇ 6 ਵਜੇ ਤੋਂ 6.30 ਵਜੇ ਤਕ ਪ੍ਰਸਾਰਿਤ ਕੀਤੇ ਜਾਣਗੇ।

- ਕਿਰਪਾ ਸਾਗਰ ਮੈਂਬਰ ਇੰਚਾਰਜ ਪ੍ਰੇਸ ਅਤੇ ਪਬਲੀਸਿਟੀ।

ਨਾਭਾ ਦੇ ਨਵੇਂ ਬਣੇ ਸਤਿਸੰਗ ਭਵਨ ਦਾ ਉਦਘਾਟਨ ਕਰਦੇ ਹੋਏ ਸਤਿਗੁਰੂ ਬਾਬਾ ਜੀ, ਪ੍ਰਬੰਧਕ ਮਹਾਪੁਰਸ਼ਾਂ ਦੇ ਨਾਲ

ਗੌਚਰ (ਉਤਰਾਖੰਡ) ਵਿਚ ਭਗਤੀ ਭਾਵਨਾ ਪ੍ਰਗਟਾਉਂਦੀਆਂ ਸਥਾਨਕ ਭੈਣਾਂ

ਚੰਬਾ (ਉਤਰਾਖੰਡ) ਵਿਚ ਹੋਏ ਸੰਤ ਸਮਾਗਮ ਵਿਚ ਉਮੜਿਆ ਵਿਸ਼ਾਲ ਜਨ-ਸਮੂਹ

Registered with the Registrar of Newspaper
For India Under RNI Number 961/57

Delhi Postal Regd. No. DL(N)01/0134/06-08
Licence Number U(DN) 18/2006-2008
Licenced to Post Without Pre Payment

ਹਿਮਾਚਲ ਪ੍ਰਦੇਸ਼ ਦੇ ਪ੍ਰਾਦੇਸ਼ਕ ਸਮਾਗਮ (ਸੁਜਾਨਪੁਰ ਟਿਹਰਾ) ਵਿਚ ਮੰਚ ਤੇ ਬਿਰਾਜਮਾਨ ਸਤਿਗੁਰੂ ਬਾਬਾ ਜੀ ਅਤੇ ਨਿਰੰਕਾਰੀ ਰਾਜਮਾਤਾ ਜੀ

ਹਿਮਾਚਲ ਸਮਾਗਮ ਦੇ ਅਵਸਰ ਤੇ ਨਿਕਲੀ ਸ਼ੋਭਾ ਯਾਤਰਾ ਦਾ ਦਿਲਖਿਚਵਾਂ ਦ੍ਰਿਸ਼

ਜਖੋਲੀ ਵਿਖੇ ਹੋਏ ਸੰਤ ਸਮਾਗਮ ਵਿਚ ਆਸ਼ੀਰਵਾਦ ਪ੍ਰਦਾਨ ਕਰਦੇ ਹੋਏ ਸਤਿਗੁਰੂ ਬਾਬਾ ਜੀ

Posted at IMBC/I
Prescribed Dates 1st & 2nd Same month
Dates of Publication : 27th & 28th
Advance Month